Postal No. - Jallandhar Vide No. L-4/PB/JL-0196/2024-2026 Read No. 32212/78

ਲੁਬਾਣਾ ਸੇਵਕ

ਫਰਵਰੀ 2026 ਕੁੱਲ ਪੰਨੇ : 44 ਮਾਸਿਕ ਮੁੱਲ : 25/-

ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਾਕਾ ਸ੍ਰੀ ਨਨਕਾਣਾ ਸਾਹਿਬ ਜੀ ਦੇ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

ਅਖੌਤੀ ਵਿਕਾਸ ਨਾਲ ਵੱਧ ਰਹੇ ਨੇ ਮਾਨਸਿਕ ਰੋਗੀ



ਆਰਥਿਕ, ਪਰਿਵਾਰਕ ਤੇ ਸਮਾਜਿਕ ਕਾਰਨਾਂ ਕਰਕੇ ਅੱਜਕਲ੍ਹ ਬੇਸ਼ੁਮਾਰ ਲੋਕ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਰਹੇ ਹਨ। ਕਈ ਲੋਕ ਆਪਣੀ ਸਾਰੀ ਉਮਰ ਇਕ ਜਾਂ ਇਕ ਤੋਂ ਵੱਧ ਮਾਨਸਿਕ ਰੋਗਾਂ ਤੋਂ ਪੀੜ੍ਹਤ ਹੋ ਕੇ ਉਂਜ ਹੀ ਗੁਜ਼ਾਰ ਦਿੰਦੇ ਹਨ। ਉਹ ਇਹ ਮੰਨਣ ਨੂੰ ਤਿਆਰ ਹੀ ਨਹੀਂ ਹੁੰਦੇ ਕਿ ਉਨ੍ਹਾਂ ਨੂੰ ਕੋਈ ਮਾਨਸਿਕ ਰੋਗ ਹੈ ਤੇ ਨਾ ਹੀ ਉਹ ਆਪਣਾ ਮੁਆਇਨਾ ਕਿਸੇ ਮਾਹਿਰ ਡਾਕਟਰ ਕੋਲੋਂ ਕਰਵਾਉਂਦੇ ਹਨ। ਇਲਾਜ ਤਾਂ ਉਨ੍ਹਾਂ ਨੇ ਕੀ ਕਰਵਾਉਣਾ ਹੋਇਆ? ਇਹ ਉਨ੍ਹਾਂ ਲੋਕਾਂ ਦੀ ਗੱਲ ਹੈ, ਜਿਹੜੇ ਧਨ ਖਰਚ ਕਰਕੇ ਆਪਣਾ ਇਲਾਜ ਕਰਵਾ ਸਕਦੇ ਹਨ ਤੇ ਕਾਊਂਸਲਿੰਗ ਦੀ ਸਹੂਲਤ ਵੀ ਲੈ ਸਕਦੇ ਹਨ। ਜਿਨ੍ਹਾਂ ਲੋਕਾਂ ਕੋਲ ਢਿੱਡ ਭਰ ਕੇ ਰੋਟੀ ਖਾਣ ਲਈ, ਤਨ ਢੱਕਣ ਲਈ ਕੱਪੜੇ, ਹੋਰ ਬੁਨਿਆਦੀ ਸਹੂਲਤਾਂ ਖਰੀਦਣ ਲਈ ਧਨ ਹੀ ਨਹੀਂ ਹੁੰਦਾ, ਉਹ ਨਾ ਤਾਂ ਆਪਣੇ ਸਰੀਰਕ ਰੋਗਾਂ ਦਾ ਸਹੀ ਇਲਾਜ ਕਰਵਾ ਸਕਦੇ ਹਨ ਤੇ ਨਾ ਹੀ ਮਾਨਸਿਕ ਰੋਗਾਂ ਦਾ।

ਜਿਵੇਂ-ਜਿਵੇਂ ਸਾਡਾ ਮੁਲਕ ਵਿਕਸਿਤ ਹੁੰਦਾ ਜਾ ਰਿਹਾ ਹੈ, ਉਵੇਂ-ਉਵੇਂ ਇਥੇ ਵੱਡੀ ਗਿਣਤੀ ਵਿਚ ਲੋਕ ਮਾਨਸਿਕ ਰੋਗਾਂ ਤੋਂ ਪੀੜ੍ਹਤ ਹੋ ਰਹੇ ਹਨ। ਇਨ੍ਹਾਂ 'ਚ ਜ਼ਿਆਦਾ ਗਿਣਤੀ ਨੌਜਵਾਨ ਵਰਗ ਦੇ ਲੋਕਾਂ ਦੀ ਹੈ ਕਿਉਂਕਿ ਇਸ ਵਰਗ ਦੇ ਲੋਕਾਂ ਸਾਹਮਣੇ ਉਚੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਢੁਕਵੇਂ ਰੁਜ਼ਗਾਰ 'ਤੇ ਨੌਕਰੀਆਂ ਹਾਸਲ ਕਰਨ ਦੀ ਚੁਣੌਤੀ ਹੁੰਦੀ ਹੈ। ਮੁਕਾਬਲੇਬਾਜ਼ੀ, ਹਫੜਾ ਦਫੜੀ ਦਾ ਇਹ ਯੁੱਗ ਮਾਨਸਿਕ ਬੀਮਾਰੀਆਂ ਦਾ ਯੁੱਗ ਸਿੱਧ ਹੋ ਰਿਹਾ ਹੈ। ਜ਼ਿੰਦਗੀ ਨੂੰ ਸੁਖਾਵਾਂ ਤੇ ਬਿਹਤਰ ਬਣਾਉਣ ਲਈ ਚੁਣੌਤੀ ਸਮੱਸਿਆ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ। ਘੱਟ ਪੜ੍ਹੇ-ਲਿਖੇ, ਤਕਨੀਕੀ ਸਿੱਖਿਆ ਪ੍ਰਾਪਤ ਛੋਟੇ-ਛੋਟੇ ਕਾਰੋਬਾਰ ਕਰਨ ਵਾਲਿਆਂ ਨੂੰ ਵੀ ਇਸ ਚੁਣੌਤੀ ਬਨਾਮ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ਼ਿਜੋਫਿਰੇਨੀਆ, ਮੈਂਟਲ ਡਿਸਆਰਡਰ, ਡਿਪ੍ਰੈਸ਼ਨ, ਇਨਸੋਮਨੀਆਂ, ਡਰ ਲੱਗਣਾ, ਚਿੜਚਿੜਾਪਨ, ਝੱਟ ਗੁੱਸੇ 'ਚ ਆ ਜਾਣਾ ਤੇ ਇਕਦਮ ਸ਼ਾਂਤ ਹੋ ਜਾਣਾ। ਉਦਾਸ ਤੇ ਚੁੱਪ ਚੁੱਪ ਰਹਿਣਾ, ਇਕੱਲੇ ਰਹਿਣਾ ਪਸੰਦ ਕਰਨਾ ਆਦਿ ਬੇਸ਼ੁਮਾਰ ਮਾਨਸਿਕ ਰੋਗ ਹਨ, ਜਿਨ੍ਹਾਂ ਦਾ ਇਲਾਜ ਫੌਰੀ ਤੌਰ 'ਤੇ ਹੋਣਾ ਬੇਹੱਦ ਜ਼ਰੂਰੀ ਹੁੰਦਾ ਹੈ। ਕਤਲ ਕਰਨਾ, ਖੁਦਕੁਸ਼ੀ ਕਰਨੀ, ਜਬਰ ਜਨਾਹ ਕਰਨਾ, ਸਾੜਾ, ਈਰਖਾ ਕਰਨੀ, ਇਥੋਂ ਤੱਕ ਕਿ ਭ੍ਰਿਸ਼ਟਾਚਾਰ ਤੇ ਹੋਰ ਨਜਾਇਜ਼ ਢੰਗਾਂ ਨਾਲ ਦੌਲਤ ਇਕੱਠੀ ਕਰਨੀ ਵੀ ਮਾਨਸਿਕ ਰੋਗਾਂ ਕਾਰਨ ਹੀ ਹੁੰਦਾ ਹੈ। ਇਸ ਬਾਰੇ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਤੇ ਮਨੋਵਿਗਿਆਨੀਆਂ ਨੂੰ ਹੋਰ ਖੋਜ ਕਰਨ ਦੀ ਲੋੜ ਹੈ। ਇਹ ਗੱਲ ਤਾਂ ਸਿੱਧ ਹੋ ਚੁੱਕੀ ਹੈ ਕਿ ਅਸ਼ਾਂਤ ਚਿੱਤ ਲੋਕ ਅਤੇ ਮਾਨਸਿਕ ਵਿਕਾਰਾਂ ਤੋਂ ਪੀੜ੍ਹਤ ਲੋਕ ਜਾਇਜ਼ ਜਾਂ ਨਜਾਇਜ਼ ਢੰਗਾਂ ਨਾਲ ਦੌਲਤ ਇਕੱਠੀ ਕਰਨ 'ਚ ਦਿਨ ਰਾਤ ਲੱਗੇ ਰਹਿੰਦੇ ਹਨ। ਉਹ ਕਦੇ ਸੰਤੁਸ਼ਟ ਨਹੀਂ ਹੁੰਦੇ ਤੇ ਮਾਨਸਿਕ ਸਕੂਨ, ਚੈਨ ਉਨ੍ਹਾਂ ਤੋਂ ਕੋਹਾਂ ਦੂਰ ਰਹਿੰਦਾ ਹੈ।

ਵਿਕਸਿਤ ਮੁਲਕਾਂ ਦੇ ਮੁਕਾਬਲੇ ਸਾਡੇ ਮੁਲਕ ਵਿਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਦੀ, ਮਨੋਵਿਗਿਆਨੀਆਂ ਅਤੇ ਨਿਊਰੋ ਸਰਜਨ ਡਾਕਟਰਾਂ ਦੀ ਬੇਹੱਦ ਕਮੀ ਹੈ। ਬਹੁਤ ਘੱਟ ਸਰਕਾਰੀ ਹਸਪਤਾਲਾਂ ਵਿਚ ਇਨ੍ਹਾਂ ਮਾਹਿਰਾਂ ਦੀ ਨਿਯੁਕਤੀ ਕੀਤੀ ਗਈ ਹੈ। ਦਿਮਾਗ 'ਚ ਟਿਊਮਰ, ਟੀ.ਬੀ. ਹੋਣਾ, ਕੈਂਸਰ ਆਦਿ ਭਿਆਨਕ ਬੀਮਾਰੀਆਂ ਹੁੰਦੀਆਂ ਹਨ। ਇਨ੍ਹਾਂ ਦਾ ਇਲਾਜ, ਆਪ੍ਰੇਸ਼ਨ ਆਦਿ ਨਿਊਰੋਸਰਜਨ ਹੀ ਕਰ ਸਕਦੇ ਹਨ। ਪ੍ਰਾਈਵੇਟ ਹਸਪਤਾਲਾਂ 'ਚ ਮਹਿੰਗਾ ਇਲਾਜ ਤੇ ਆਪ੍ਰੇਸ਼ਨ ਹਰੇਕ ਨਾਗਰਿਕ ਨਹੀਂ ਕਰਵਾ ਸਕਦਾ। ਨਤੀਜਨ ਕਈ ਪੀੜਤ ਲੋਕ ਅਣਿਆਈ ਮੌਤ ਮਰ ਜਾਂਦੇ ਹਨ।

ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨਾਂ, ਮਹਿਕਮਿਆਂ ਨੂੰ ਸਮੇਂ-ਸਮੇਂ ਸਿਰ ਬਾਕੀ ਆਯੋਜਿਤ ਕੀਤੇ ਜਾਂਦੇ ਮੈਡੀਕਲ ਕੈਂਪਸ ਵਾਂਗ ਹੀ ਮਾਨਸਿਕ ਰੋਗਾਂ ਤੋਂ ਪੀੜ੍ਹਤ ਲੋਕਾਂ ਦੇ ਮੁਫ਼ਤ ਇਲਾਜ ਜਾਂ ਸਸਤੇ ਇਲਾਜ ਲਈ ਮਾਨਸਿਕ ਸਿਹਤ ਸਹੂਲਤਾਂ ਕੈਂਪ ਜ਼ਰੂਰ ਲਾਉਣੇ ਚਾਹੀਦੇ ਹਨ। ਇਹੋ ਜਿਹੇ ਕੈਂਪਸ ਅੱਜ ਸਮੇਂ ਦੀ ਲੋੜ ਹਨ।

ਪੰਜਾਬ ਤੇ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਹਰ ਵੱਡੇ ਸਰਕਾਰੀ ਹਸਪਤਾਲ 'ਚ ਮਾਨਸਿਕ ਰੋਗਾਂ ਦੇ ਮਾਹਿਰ ਤੇ ਨਿਊਰੋ ਸਰਜਨ ਡਾਕਟਰਾਂ ਦੀ ਨਿਯੁਕਤੀ ਕਰੇ। ਮਾਨਸਿਕ ਸਿਹਤ ਸਹੂਲਤਾਂ ਹਾਸਲ ਕਰਨਾ ਵੀ ਹਰੇਕ ਦਾ ਬੁਨਿਆਦੀ ਹੱਕ ਹੈ।

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963



Chief Editor
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

Editor
S. Surinder Singh Ruby
ETO (Retd.)
E-mail:ruby.surinder57@gmail.com
M.: 98141-28181

Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240



ਦੇਸ	:	250 ਰੁਪਏ
ਪਰਦੇਸ	:	20 ਡਾਲਰ
ਜੀਵਨ ਮੈਂਬਰ ਦੇਸ	:	2500 ਰੁ.
ਜੀਵਨ ਮੈਂਬਰ ਪਰਦੇਸ	:	7500 ਰੁ.

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

ਪੂਰਨਮਾਸ਼ੀ - 01-02-2026 (ਐਤਵਾਰ)
ਸੰਗਰਾਂਦ - 12-02-2026 (ਵੀਰਵਾਰ)
ਮੱਸਿਆ - 17-02-2026 (ਮੰਗਲਵਾਰ)

ਤਤਕਰਾ

ਜਿਲਦ ਨੰ. 41 | ਅੰਕ - 152 | ਫਰਵਰੀ - 2026

1. ਸ਼ਹੀਦ ਬਾਬਾ ਦੀਪ ਸਿੰਘ ਜੀ ਨਾਲ ਸਬੰਧਿਤ ਇਤਿਹਾਸਕ ਸਥਾਨ 4
2. ਲੁਬਾਣਿਆਂ ਦੀਆਂ ਗੋਤਾਂ ਅਤੇ ਅੱਲਾਂ 8
3. ਸਾਕਾ ਸ੍ਰੀ ਨਨਕਾਣਾ ਸਾਹਿਬ 11
4. ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ॥ 13
5. ਜਨਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 16
6. ਬੱਚਿਆਂ ਦਾ ਸੁਨਹਿਰੀ ਭਵਿੱਖ 18
7. ਪਾਕਿਸਤਾਨ ਵਿਚ ਸਿੱਖਾਂ ਦੇ ਧਾਰਮਿਕ ਅਸਥਾਨ 19
8. ਸਚੁ ਸੁਣਾਇਸੀ ਸੱਚ ਕੀ ਬੇਲਾ 20
9. ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼ 22
10. ਜੀਵਨ ਵਿਕਾਸ – ਇਕ ਸੰਘਰਸ਼ 26
11. ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫਲੇ 'ਤੇ ਕਹਿਰੀ ਹਮਲਾ 27
12. ਨਾਟਕ ਹੀ ਨਾਟਕ 29
13. ਗੁਰ ਸਾਗਰ ਦੇ ਸੁੱਚੇ ਮੋਤੀ 30
14. ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ 31
15. ਸਿਹਤ ਸੰਭਾਲ 33
16. ਕਾਵਿ-ਕਿਆਰੀ 34
17. Applications are invited upto 15.02.2025 from eligible candidates 36
18. Matrimonial 38

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

Printed & Published by
Bhagwan Singh Lubana for Baba Makhan Shah Lobana Foundation (Regd.)
Sector 30-A, Chandigarh.

Computer Designing - Walia Enterprises, M.: 98153-78692

ਸ਼ਹੀਦ ਬਾਬਾ ਦੀਪ ਸਿੰਘ ਜੀ ਨਾਲ ਸੰਬੰਧਿਤ ਇਤਿਹਾਸਕ ਸਥਾਨ



ਸ਼ਹੀਦ ਮਿਸਲ ਦੇ ਬਾਨੀ ਅਤੇ ਦਮਦਮੀ ਟਕਸਾਲ ਦੇ ਸੰਸਥਾਪਕ ਬਾਬਾ ਦੀਪ ਸਿੰਘ ਜੀ ਦਾ ਜਨਮ ਸੰਨ 1682ਈ: ਵਿਚ ਪਿਤਾ ਭਾਈ ਭਗਤਾ ਜੀ ਦੇ ਘਰ ਮਾਤਾ ਜੀਉਣੀ ਜੀ ਦੀ ਕੁੱਖੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਪਹੁਵਿੰਡ ਵਿਚ ਹੋਇਆ। ਬਾਬਾ ਜੀ ਨੇ ਸਿੱਖ ਪੰਥ ਦੇ ਵਿਕਾਸ ਲਈ ਬਹੁਤ ਉੱਦਮ ਕੀਤਾ ਅਤੇ ਧਰਮ ਲਈ ਆਪਣੇ ਪ੍ਰਾਣਾਂ ਦੀ ਭੇਟ ਚੜ੍ਹਾ ਕੇ ਸਿੱਖ ਪੰਥ ਦੇ ਸ਼ਹੀਦਾਂ ਵਿਚ ਸਿਰਮੌਰ ਸਥਾਨ ਪ੍ਰਾਪਤ ਕੀਤਾ। ਸਿੱਖ ਪੰਥ ਵਿਚ ਬਾਬਾ ਦੀਪ ਸਿੰਘ ਜੀ ਪ੍ਰਤੀ ਬਹੁਤ ਸ਼ਰਧਾ ਅਤੇ ਸਤਿਕਾਰ ਹੈ। ਜਿਸ ਸਥਾਨ ਨਾਲ ਉਨ੍ਹਾਂ ਦਾ ਸੰਬੰਧ ਰਿਹਾ, ਉੱਥੇ ਦੇ ਲੋਕਾਂ ਨੇ ਉਨ੍ਹਾਂ ਦੀ ਯਾਦ ਨੂੰ ਸਦਾ ਲਈ ਤਾਜ਼ਾ ਰੱਖਣ ਲਈ ਉਨ੍ਹਾਂ ਦੀਆਂ ਯਾਦਗਾਰਾਂ ਬਣਾਈਆਂ ਹੋਈਆਂ ਹਨ ਜਿੱਥੇ ਉਹ ਸਮੇਂ ਸਮੇਂ ਇਕੱਠੇ ਹੋ ਕੇ ਆਪਣੇ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਉਨ੍ਹਾਂ ਦੀਆਂ ਬਣੀਆਂ ਯਾਦਗਾਰਾਂ ਵਿੱਚੋਂ ਕੁਝ ਦਾ ਵਰਣਨ ਇੱਥੇ ਕੀਤਾ ਜਾ ਰਿਹਾ ਹੈ।

ਜਨਮ ਸਥਾਨ ਬਾਬਾ ਦੀਪ ਸਿੰਘ ਜੀ :- ਬਾਬਾ ਦੀਪ ਸਿੰਘ ਜੀ ਦਾ ਜਨਮ ਸਥਾਨ ਪਿੰਡ ਪਹੁਵਿੰਡ ਹੈ ਜੋ ਕਿ ਅੰਮ੍ਰਿਤਸਰ ਤੋਂ ੧੯ ਕਿਲੋਮੀਟਰ ਦੂਰ ਝਬਾਲ ਅਤੇ ਝਬਾਲ ਤੋਂ ੧੬ ਕਿਲੋਮੀਟਰ ਦੂਰ ਅਤੇ ਭਿੱਖੀਵਿੰਡ ਤੋਂ ੩ ਕਿਲੋਮੀਟਰ ਦੂਰ ਸਥਿਤ ਹੈ। ਇਸ ਪਿੰਡ ਬਾਰੇ ਕਿਹਾ ਜਾਂਦਾ ਹੈ ਕਿ ਬਾਬਾ ਪੋਹੂ ਨੇ ਇਹ ਪਿੰਡ ਵਸਾਇਆ ਸੀ। ਬਾਬਾ ਪੋਹੂ ਇਸ ਪਿੰਡ ਤੋਂ ਲੱਗਭਗ ੩ ਕਿਲੋਮੀਟਰ ਦੀ ਦੂਰੀ 'ਤੇ ਭਿੱਖੀਵਿੰਡ ਵਿਚ ਰਹਿੰਦਾ ਸੀ। ਭਿੱਖੀਵਿੰਡ ਦੇ ਮੁਸਲਮਾਨ ਰੰਘੜ ਬਾਬਾ ਪੋਹੂ ਨੂੰ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਸਨ ਜਿਸ ਕਾਰਨ ਉਹ ਭਿੱਖੀਵਿੰਡ ਛੱਡ ਕੇ ਇੱਥੇ ਆ ਗਿਆ ਜਿੱਥੇ ਉਸ ਦੇ ਨਾਂ 'ਤੇ ਇਹ ਪਿੰਡ ਪਹੁਵਿੰਡ ਸਥਾਪਿਤ ਹੋ ਗਿਆ। ਬਾਬਾ ਪੋਹੂ ਦੀ ਆਪਣੀ ਕੋਈ ਔਲਾਦ ਨਹੀਂ ਸੀ। ਉਸ ਦੇ ਭਤੀਜੇ ਦਾਨਾ, ਮਿਰਜਾ, ਵਸਾਊ ਤੇ ਬਿੰਨਾ ਸਨ। ਇਨ੍ਹਾਂ ਚੌਹਾਂ ਦੇ ਨਾਂ 'ਤੇ ਪਿੰਡ ਦੀਆਂ ਚਾਰ ਪੱਤੀਆਂ ਅਬਾਦ ਹੋਈਆਂ। ਇਸ ਸਮੇਂ ਪਿੰਡ ਪਹੁਵਿੰਡ ਵਿਚ ਬਾਬੇ ਪੋਹੂ ਦੇ ਸੰਧੂ ਖਾਨਦਾਨ ਦੇ ੧੫੦ ਦੇ ਲੱਗਭਗ ਘਰ ਵੱਸਦੇ ਹਨ। ਇਸ ਪਿੰਡ ਦੀ ਅਬਾਦੀ ਵਿਚ ਦੂਸਰੇ ਥਾਂ 'ਤੇ ਖਹਿਰੇ ਜੱਟ ਸਨ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਇੱਥੋਂ ਉੱਠ ਕੇ ਲੱਗਭਗ ੨੦ ਕਿਲੋਮੀਟਰ ਦੂਰ ਪੱਟੀ ਦੇ ਨੇੜੇ ਜਾ ਕੇ ਵੱਸ ਗਏ ਹਨ। ਉਨ੍ਹਾਂ ਨੇ ਆਪਣੇ ਨਵੇਂ ਵਸਾਏ ਪਿੰਡ ਦਾ ਨਾਂ ਵੀ ਸ਼ਹੀਦ ਰੱਖਿਆ ਹੋਇਆ ਹੈ। ਪਹੁਵਿੰਡ ਵਿਚ ਹੁਣ ੩੦-੩੫ ਘਰ ਖਹਿਰੇ ਖਾਨਦਾਨ ਦੇ ਹਨ ਜੋ ਆਪਣੇ ਆਪ ਨੂੰ ਸ਼ਹੀਦ ਕਹਿੰਦੇ ਹਨ। ਪਹੁਵਿੰਡ ਵਿਚ ਉਨ੍ਹਾਂ ਦੀ ਪੱਤੀ ਦਾ ਨਾਂ ਵੀ ਸ਼ਹੀਦ ਪੱਤੀ ਹੈ। ਮਾਲਵਾ ਸਿੱਖ ਇਤਿਹਾਸ ਦੇ ਕਰਤਾ ਭਾਈ ਵਿਸਾਖਾ ਸਿੰਘ ਅਤੇ ਸ. ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ ਜੱਟਾਂ ਦੇ ਗੋਤਾਂ ਦਾ ਇਤਿਹਾਸਕ ਵੇਰਵਾ ਵਿਚ ਬਾਬਾ ਦੀਪ ਸਿੰਘ ਜੀ ਦਾ ਪਿੰਡ ਜ਼ਿਲ੍ਹਾ ਲੁਧਿਆਣਾ ਵਿਚ ਗੁਰਮ ਦੱਸਿਆ ਗਿਆ ਹੈ। ਇਨ੍ਹਾਂ ਅਨੁਸਾਰ ਬਾਬਾ ਜੀ ਦੇ ਪਿਤਾ ਜੀ ਆਪਣੇ ਸਾਥੀਆਂ ਸਮੇਤ ਅਲਾ ਪੁਰ ਦੇ ਪਠਾਣਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ। ਅਲਾ ਪੁਰ ਦਾ ਨਾਂ ਬਦਲ ਕੇ ਹੁਣ ਲਾਪੁਰ ਹੋ ਗਿਆ ਹੈ। ਇਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਪਿੰਡ ਨਵੇਂ ਗੁਰਮ ਦੇ ਪਾਸ ਦੱਖਣ ਵੱਲ ਬਣੀਆਂ ਹੋਈਆਂ ਹਨ। ਬਾਬਾ ਦੀਪ ਸਿੰਘ ਜੀ ਦੇ ਪਿਤਾ ਦਾ ਕੋਈ ਸਕਾ ਭਰਾ ਨਾ ਹੋਣ ਕਰਕੇ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਆਪਣੀ ਮਾਤਾ ਜੀ ਨਾਲ ਆਪਣੇ ਨਾਨਕੇ ਪਿੰਡ ਪਹੁਵਿੰਡ ਆ ਕੇ ਰਹਿਣ ਲੱਗ ਪਏ। ਜਦੋਂ ਬਾਬਾ ਜੀ ਜਵਾਨ ਹੋ ਗਏ ਤਾਂ ਵਾਪਸ ਆਪਣੀ ਮਾਤਾ ਜੀ ਨਾਲ ਗੁਰਮ ਪਿੰਡ ਚਲੇ ਗਏ। ਬਾਬਾ ਜੀ ਦੇ ਮਾਤਾ ਜੀ ਬਾਬਾ ਜੀ ਦੀ ਸ਼ਹੀਦੀ ਤੋਂ ਕਾਫ਼ੀ ਸਮਾਂ ਬਾਅਦ ਤਕ ਇਸੇ ਪਿੰਡ ਵਿਚ ਰਹਿੰਦੇ ਹੋਏ ਅਕਾਲ ਚਲਾਣਾ ਕਰ ਗਏ। ਬਾਬਾ ਜੀ ਦਾ ਜਨਮ ਸਥਾਨ ਕਿਹੜਾ ਸੀ ਭਾਵੇਂ ਇਹ ਖੋਜ ਦਾ ਵਿਸ਼ਾ ਹੈ ਪਰ ਇਸ ਗੱਲ ਨਾਲ ਸਾਰੇ ਵਿਦਵਾਨ ਸਹਿਮਤ ਹਨ ਕਿ ਬਾਬਾ ਜੀ ਦਾ ਸੰਬੰਧ ਪਹੁਵਿੰਡ ਪਿੰਡ ਨਾਲ ਗੂੜ੍ਹਾ ਸੀ ਭਾਵੇਂ ਇਹ ਉਨ੍ਹਾਂ ਦੇ ਦਾਦਕੇ ਸਨ ਜਾਂ ਨਾਨਕੇ ਜਿੱਥੇ ਉਹ ਬਚਪਨ ਤੋਂ ਜਵਾਨ ਅਵਸਥਾ ਤਕ ਵਿਚਰਦੇ ਰਹੇ। ਪਹੁਵਿੰਡ ਪਿੰਡ ਪਾਕਿਸਤਾਨ ਬਣਨ ਤੋਂ ਪਹਿਲਾਂ ਜ਼ਿਲ੍ਹਾ ਲਾਹੌਰ ਦੀ ਕਸੂਰ ਤਹਿਸੀਲ ਵਿਚ ਹੁੰਦਾ ਸੀ ਅੱਜਕਲ੍ਹ ਇਹ ਜ਼ਿਲ੍ਹਾ ਤਰਨਤਾਰਨ ਦੀ ਪੱਟੀ ਤਹਿਸੀਲ ਵਿਚ ਹੈ। ਗੁਰਦੁਆਰਾ ਜਨਮ ਸਥਾਨ ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਾਨਦਾਰ ਇਮਾਰਤ ਇਸ ਪਿੰਡ ਦੀ ਸ਼ਾਨ ਹੈ।

ਭਗਵਾਨ ਸਿੰਘ
ਲੁਬਾਣਾ
ਪ੍ਰਧਾਨ ਬਮਸਲ ਫਾਉਂਡੇਸ਼ਨ
ਚੰਡੀਗੜ੍ਹ
98155-40240



ਬਾਬਾ ਜੀ ਦੀ ਯਾਦ ਵਿਚ ਪੁਰਾਣਾ ਗੁਰਦੁਆਰਾ ਮਿਰਜੇ ਦੀ ਪੱਤੀ ਵਿਚ ਬਣਿਆ ਹੋਇਆ ਹੈ। ਪਿੰਡ ਵਾਸੀਆਂ ਅਨੁਸਾਰ ਪਿੰਡ ਵਿਚ ਬਾਬਾ ਜੀ ਦੀ ਯਾਦ ਵਿਚ ਨਵੇਂ ਉਸਾਰੇ ਗੁਰਦੁਆਰਾ ਸਾਹਿਬ ਦੀ ਨੀਂਹ ੧੯੬੯ ਈ: ਵਿਚ ਰੱਖੀ ਗਈ ਸੀ ਅਤੇ ਇਸ ਦੀ ਉਸਾਰੀ ਦਾ ਕੰਮ ੧੯੮੪-੮੫ ਤਕ ਚਲਦਾ ਰਿਹਾ। ੧੯੮੩ ਈ: ਵਿਚ ਇਸ 'ਤੇ ਸੋਨੇ ਦਾ ਕਲਸ ਸੁਸ਼ੋਭਿਤ ਕੀਤਾ ਗਿਆ। ਇਸ ਨਵੇਂ ਸਥਾਨ 'ਤੇ ਬਣੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਪਹਿਲਾਂ ਮੁਸਲਮਾਨਾਂ ਦੀ ਮਲਕੀਅਤ ਸੀ। ਪਹੁਵਿੰਡ ਵਿਚ ੩੦੦ ਦੇ ਲੱਗਭਗ ਮੁਸਲਮਾਨਾਂ ਦੇ ਘਰ ਸਨ ਜੋ ੧੯੪੭ ਈ: ਵਿਚ ਪਾਕਿਸਤਾਨ ਚਲੇ ਗਏ ਅਤੇ ਇਹ ਉਨ੍ਹਾਂ ਦੀ ਜ਼ਮੀਨ ਲਾਵਾਰਿਸ ਪਈ ਸੀ। ਇਸ ਖੁੱਲ੍ਹੀ ਥਾਂ 'ਤੇ ਪਿੰਡ ਵਾਲਿਆਂ ਨੇ ਸਲਾਹ-ਮਸ਼ਵਰਾ ਕਰ ਕੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣਾ ਕੇ ਇੱਥੇ ਸੰਨ ੧੯੮੨ ਈ: ਵਿਚ ਬਾਬਾ ਜੀ ਦਾ ੩੦੦ ਸਾਲਾ ਜਨਮ ਦਿਵਸ ਧੂਮ-ਧਾਮ ਨਾਲ ਮਨਾਇਆ ਸੀ।

ਤਲਵੰਡੀ ਸਾਬੋ ਵਿਖੇ ਬਾਬਾ ਦੀਪ ਸਿੰਘ ਜੀ :- ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਦੀ ਜੰਗ ਤੋਂ ਬਾਅਦ ਜੰਗਲਾਂ ਦੇ ਵਿਚ ਦੀ ਹੁੰਦੇ ਹੋਏ ਪਿੰਡਾਂ ਵਿਚ ਠਹਿਰਦੇ ਹੋਏ ਤਲਵੰਡੀ ਸਾਬੋ ਪਹੁੰਚੇ ਅਤੇ ਇਸ ਜਗ੍ਹਾ 'ਤੇ ਆ ਕੇ ਟਿਕ ਗਏ ਅਤੇ ਸਿੱਖਾਂ ਨੂੰ ਹੁਕਮਨਾਮੇ ਜਾਰੀ ਕੀਤੇ, ਜਿਸ ਕਾਰਨ ਇਸ ਜਗ੍ਹਾ ਦਾ ਨਾਂ ਦਮਦਮਾ ਸਾਹਿਬ ਪੈ ਗਿਆ। ਤਲਵੰਡੀ ਸਾਬੋ ਵਿਖੇ ਅੱਜ ਜਿੱਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਇਮਾਰਤ ਬਣੀ ਹੋਈ ਹੈ, ਇਸ ਜਗ੍ਹਾ 'ਤੇ ਗੁਰੂ ਜੀ ਦਰਬਾਰ ਸਜਾਇਆ ਕਰਦੇ ਸਨ। ਇਸੇ ਜਗ੍ਹਾ 'ਤੇ ਮਾਤਾ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਾਲ ਪੁੱਛਿਆ ਸੀ। ਤਲਵੰਡੀ ਸਾਬੋ ਵਿਚ ਗੁਰੂ ਸਾਹਿਬ ਦੇ ਕਾਫ਼ੀ ਸਮਾਂ ਟਿਕੇ ਰਹਿਣ ਕਰਕੇ ਇਸ ਜਗ੍ਹਾ ਦੇ ਕਈ ਸਥਾਨ ਗੁਰੂ ਸਾਹਿਬ ਦੀਆਂ ਯਾਦਾਂ ਨਾਲ ਜੁੜੇ ਹੋਏ ਹਨ ਅਤੇ ਸਿੱਖ ਦੂਰੋਂ-ਦੂਰੋਂ ਚੱਲ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਇਸ ਜਗ੍ਹਾ 'ਤੇ ਆਉਂਦੇ ਸਨ। ਉੱਚ-ਕੋਟੀ ਦੇ ਵਿਦਵਾਨ, ਨਾਮ-ਅਭਿਆਸੀ, ਕੁਰਬਾਨੀ ਦੇ ਪੁੰਜ, ਧਰਮੀ ਸੂਰਬੀਰ, ਸਿੱਖ ਪੰਥ ਦੇ ਅਣਖੀਲੇ ਜਥੇਦਾਰ ਬਾਬਾ ਦੀਪ ਸਿੰਘ ਜੀ ਵੀ ਇਸ ਜਗ੍ਹਾ 'ਪੁਰ ਗੁਰੂ ਜੀ ਪਾਸ ਰਹਿਣ ਲੱਗੇ।

ਗੁਰਦੁਆਰਾ ਲਿਖਣਸਰ ਸਾਹਿਬ ਤਲਵੰਡੀ ਸਾਬੋ :- ਦਮਦਮਾ ਸਹਿਬ ਵਿਚ ਰਹਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸਰੋਵਰ ਦੇ ਕੰਢੇ ਬੈਠ ਕੇ ਭਾਈ ਮਨੀ ਸਿੰਘ ਜੀ ਤੋਂ ਬਾਣੀ ਲਿਖਵਾਉਂਦੇ ਸਨ। ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾਂ ਦਰਜ ਬਾਣੀ ਦੇ ਨਾਲ ਪਿਤਾ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਇਸ ਸਥਾਨ 'ਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਇਸ ਕਾਰਜ ਲਈ ਬਾਬਾ ਦੀਪ ਸਿੰਘ ਜੀ ਕਲਮਾਂ ਘੜ ਕੇ ਦੇਣ ਦੀ ਸੇਵਾ ਕਰਦੇ ਸਨ। ਲਿਖਾਈ ਦਾ ਕੰਮ ਕਠਿਨ ਕਾਰਜ ਸੀ, ਜਿਸ ਵਿਚ ਅਨੇਕਾਂ ਕਲਮਾਂ, ਕਾਗਜ਼ ਤੇ ਸਿਆਹੀ ਦੀ ਵਰਤੋਂ ਹੋਈ। ਲਿਖਾਈ ਕਰਦਿਆਂ ਜਿਸ ਕਲਮ ਦਾ ਮੂੰਹ ਘਸ ਜਾਂਦਾ ਸੀ, ਗੁਰੂ ਜੀ ਉਸ ਕਲਮ ਨੂੰ ਦੁਬਾਰਾ ਨਹੀਂ ਘੜਾਉਂਦੇ ਸਨ ਉਸ ਨੂੰ ਸੰਭਾਲ ਕੇ ਰੱਖ ਲੈਂਦੇ ਸਨ। ਲਿਖਾਈ ਦੇ ਕਾਰਜ ਦੀ ਸੰਪੂਰਨਤਾ ਉਪਰੰਤ ਇਸ ਪ੍ਰਕਾਰ ਦੀਆਂ ਘਸੀਆਂ ਕਲਮਾਂ ਅਤੇ ਬਚੀ ਸਿਆਹੀ ਨੂੰ ਗੁਰੂ ਜੀ ਨੇ ਮੌਜੂਦਾ ਲਿਖਣਸਰ ਸਰੋਵਰ ਵਿਚ ਜਲ ਪ੍ਰਵਾਹ ਕਰ ਦਿੱਤਾ। ਇਸ ਦੇ ਨਾਲ ਹੀ ਗੁਰੂ ਜੀ ਨੇ ਫੁਰਮਾਇਆ ਕਿ ਇਹ ਸਥਾਨ ਗੁਰੂ ਕੀ ਕਾਸ਼ੀ ਹੈ ਭਾਵ ਦਮਦਮਾ ਸਾਹਿਬ ਗੁਰਮਤਿ ਦੇ ਗਿਆਨ ਦਾ ਖੇਤਰ ਹੋਵੇਗਾ ਜਿੱਥੇ ਗੁਰਮਤਿ ਵਿਚ ਪ੍ਰਬੁੱਧ ਵਿਦਵਾਨ ਲਿਖਾਰੀ ਪੈਦਾ ਹੋਣਗੇ। ਬਾਬਾ ਦੀਪ ਸਿੰਘ ਜੀ ਨੇ ਇਸ ਸਥਾਨ 'ਤੇ ਸੰਪਰਦਾਈ ਗਿਆਨੀਆਂ ਦੀ ਟਕਸਾਲ ਕਾਇਮ ਕੀਤੀ। ਗੁਰੂ ਜੀ ਦੇ ਅਸ਼ੀਰਵਾਦ ਦਾ ਜ਼ਿਕਰ ਅਨੇਕਾਂ ਇਤਿਹਾਸਕ ਗ੍ਰੰਥਾਂ ਅੰਦਰ ਮਿਲਦਾ ਹੈ, ਜਿਵੇਂ:

ਇਹ ਪ੍ਰਗਟ ਹਮਾਰੀ ਕਾਸ਼ੀ। ਪੜਹੈ ਇਹਾਂ ਢੋਰ ਮਤਿ ਰਾਸੀ।
ਲੇਖਕ ਗੁਣੀ ਕਵਿੰਦ ਗਿਆਨੀ। ਬੁਧਿ ਸਿੰਧ ਹ੍ਵੈ ਹੈਂ ਇਤਿ ਆਨੀ।
ਤਿਨ ਕੇ ਕਾਰਨ ਕਲਮ ਘਢ ਦੇਤ ਪ੍ਰਗਟ ਹਮ ਡਾਰ।
ਸਿਖ ਸਖਾ ਇਤ ਪੜੈਂਗੇ ਹਮਰੇ ਕਈ ਹਜਾਰ।
(ਭਾਈ ਸੁੱਖਾ ਸਿੰਘ ਗੁਰਬਿਲਾਸ ਪਾਤਸ਼ਾਹੀ ਦਸਵੀਂ, ਸਫ਼ਾ ੩੬੧-੬੨)

ਅੱਜਕਲ੍ਹ ਇਸ ਸਥਾਨ 'ਤੇ ਗੁਰਦੁਆਰਾ ਲਿਖਣਸਰ ਸਾਹਿਬ ਸੁਸ਼ੋਭਿਤ ਹੈ ਜਿੱਥੇ ਅਨੇਕਾਂ ਪ੍ਰਾਣੀ ਗੁਰਮੁਖੀ ਦੀ ਵਰਣਮਾਲਾ ਲਿਖ ਕੇ ਵਿੱਦਿਆ ਦੀ ਪ੍ਰਾਪਤੀ ਲਈ ਅਰਦਾਸ ਕਰਦੇ ਹਨ।

ਅਕਾਲਸਰ ਸਰੋਵਰ ਤਲਵੰਡੀ ਸਾਬੋ :- ਇਹ ਇਤਿਹਾਸਕ ਸਰੋਵਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਇਮਾਰਤ ਦੇ ਨਾਲ ਅੱਠ-ਕੋਨੇ ਆਕਾਰ ਵਿਚ ਹੈ। ਇਸ ਸਰੋਵਰ ਵਿਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਸੀਂ ਇਸ਼ਨਾਨ ਕਰਿਆ ਕਰਦੇ ਸਨ। ਪ੍ਰਾਚੀਨ ਸਮੇਂ ਵਿਚ ਇਸ ਸਰੋਵਰ ਦੀ ਕਾਰ-ਸੇਵਾ ਬਾਬਾ ਦੀਪ ਸਿੰਘ ਜੀ ਨੇ ਕੀਤੀ ਸੀ। ਬਾਅਦ ਵਿਚ ਬਾਬਾ ਚੰਦਾ ਸਿੰਘ ਕੱਟੂ ਵਾਲਿਆਂ ਨੇ ਸਰੋਵਰ ਨੂੰ ਅੱਠ-ਕੋਨਾ ਪੱਕਾ ਬਣਵਾਇਆ ਸੀ।

ਭੋਰਾ ਸਾਹਿਬ ਬਾਬਾ ਦੀਪ ਸਿੰਘ ਜੀ ਦਮਦਮਾ ਸਾਹਿਬ ਤਲਵੰਡੀ ਸਾਬੋ :- ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਾਲ ਹੀ ਇਕ ਭੋਰਾ ਸਾਹਿਬ ਹੈ ਜਿੱਥੇ ਬਾਬਾ ਦੀਪ ਸਿੰਘ ਜੀ ਇਕਾਂਤ ਵਿਚ ਬੈਠ ਕੇ ਨਾਮ ਸਿਮਰਨ ਕਰਿਆ ਕਰਦੇ ਸਨ। ਇੱਥੇ ਹੀ ਬਾਬਾ ਜੀ ਆਪਣੀ ਰਿਹਾਇਸ਼ ਰੱਖਦੇ ਸਨ। ਇਹ ਭੋਰਾ ਬਾਬਾ ਦੀਪ ਸਿੰਘ ਜੀ ਨੇ ਆਪ ਬਣਾਇਆ ਹੈ। ਇਸ ਭੋਰਾ ਸਾਹਿਬ ਦੀ ਬਣਤਰ ਖਾਸ ਕਿਸਮ ਦੀ ਹੈ ਜੋ ਆਪਣੇ ਆਪ ਵਿਚ ਇਮਾਰਤ ਕਲਾ ਦਾ ਇਕ ਉੱਤਮ ਨਮੂਨਾ ਹੈ। ਸੁਰੱਖਿਆ ਦੇ ਪੱਖ ਤੋਂ ਬਹੁਤ ਹੀ ਉੱਤਮ ਹੈ। ਇਸ ਵਿਚ ਬੈਠੇ ਵਿਅਕਤੀ ਦੀਆਂ ਨਜ਼ਰਾਂ ਤੋਂ ਇਸ ਪਾਸੇ ਕਿੱਧਰੋਂ ਵੀ ਆਉਣ ਵਾਲਾ ਕੋਈ ਵਿਅਕਤੀ ਬਚ ਨਹੀਂ ਸਕਦਾ। ਇਸ ਭੋਰੇ ਦੇ ਦਰਸ਼ਨ ਕਰ ਕੇ ਬਾਬਾ ਦੀਪ ਸਿੰਘ ਜੀ ਦਾ ਨਾਮ-ਸਿਮਰਨ ਨਾਲ ਪਿਆਰ ਅਤੇ ਉਨ੍ਹਾਂ ਦੇ ਜੀਵਨ-ਢੰਗ ਬਾਰੇ ਜਾਣਿਆ ਜਾ ਸਕਦਾ ਹੈ।

ਖੂਹ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬੋ :- ਤਲਵੰਡੀ ਸਾਬੋ ਦੇ ਇਲਾਕੇ ਦਾ ਪਾਣੀ ਬਹੁਤ ਖਾਰਾ ਸੀ ਅਤੇ ਇਹ ਪੀਣ ਦੇ ਲਾਇਕ ਨਹੀਂ ਸੀ। ਇਲਾਕੇ ਦੇ ਲੋਕਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਇਸ ਮੁਸ਼ਕਲ ਬਾਰੇ ਬੇਨਤੀ ਕੀਤੀ। ਲੋਕਾਂ ਦੀ ਮੁਸ਼ਕਲ ਦੇ ਹੱਲ ਲਈ ਬਾਬਾ ਦੀਪ ਸਿੰਘ ਜੀ ਨੇ ਅਕਾਲ ਪੁਰਖ ਅੱਗੇ ਅਰਦਾਸ ਕਰ ਕੇ ਇਕ ਖੂਹ ਖੁਦਵਾਇਆ ਜਿਸ ਦਾ ਪਾਣੀ ਬਹੁਤ ਮਿੱਠਾ ਨਿਕਲਿਆ। ਅੱਜ ਵੀ ਇਸ ਖੂਹ ਨੇ ਬਾਬਾ ਜੀ ਦੀ ਯਾਦ ਨੂੰ ਸੰਭਾਲਿਆ ਹੋਇਆ ਹੈ ਜਿਸ ਦਾ ਪਾਣੀ ਪੂਰੇ ਗੁਰਦੁਆਰਾ ਕੰਪਲੈਕਸ ਵਿਚ ਵਰਤਿਆ ਜਾਂਦਾ ਹੈ। ਇਸ ਖੂਹ ਨੂੰ ਬਾਬਾ ਦੀਪ ਸਿੰਘ ਜੀ ਵਾਲਾ ਖੂਹ ਕਿਹਾ ਜਾਂਦਾ ਹੈ। ਇਹ ਖੂਹ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਅੰਦਰ ਪ੍ਰਵੇਸ਼ ਕਰਦਿਆਂ ਹੀ ਸੱਜੇ ਪਾਸੇ ਸੁਸ਼ੋਭਿਤ ਹੈ। ਇਸ ਖੂਹ ਨੂੰ ਸ਼ਹੀਦਾਂ ਵਾਲਾ ਖੂਹ ਵੀ ਕਿਹਾ ਜਾਂਦਾ ਹੈ।

ਬੁਰਜ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬੋ :- ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਦੇ ਨਾਲ ਜੀ ਉੱਚਾ ਬੁਰਜ ਨਜ਼ਰ ਆਉਂਦਾ ਹੈ। ਇਹ ਵੀ ਬਾਬਾ ਦੀਪ ਸਿੰਘ ਜੀ ਨੇ ਬਣਵਾਇਆ ਸੀ। ਇਸ ਬੁਰਜ ਤੋਂ ਪੂਰਾ ਨਗਰ ਨਜ਼ਰ ਆਉਂਦਾ ਹੈ ਜਿਸ ਕਾਰਨ ਸੁਰੱਖਿਆ ਦੇ ਪੱਖੋਂ ਇਹ ਬੁਰਜ ਬਹੁਤ ਮਹੱਤਤਾ ਰੱਖਦਾ ਹੈ। ਗਰਮੀਆਂ ਦੇ ਦਿਨਾਂ ਵਿਚ ਇਹ ਬੁਰਜ ਠੰਡੀ ਹਵਾ ਲੈਣ ਦਾ ਸਾਧਨ ਵੀ ਹੈ। ਬਾਬਾ ਜੀ ਇਸ ਸਥਾਨ 'ਤੇ ਰਹਿ ਕੇ ਲਿਖਾਰੀਆਂ ਨੂੰ ਗੁਰਮੁਖੀ ਦੀ ਸੁੰਦਰ ਲਿਖਾਈ ਲਿਖਣੀ ਸਿਖਾਉਂਦੇ ਸਨ। ਇੱਥੇ ਹੀ ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ ਸਨ। ਇਹ ਬੁਰਜ ਗੜ੍ਹੀ ਦੀ ਸ਼ਕਲ ਦਾ ਬਣਿਆ ਹੋਇਆ ਹੈ ਜੋ ਕਿ ਅੱਠ-ਕੋਨੇ ਆਕਾਰ ਦਾ ਹੈ। ਇਸ ਬੁਰਜ ਦੀ ਉਚਾਈ ੭੦ ਫੁੱਟ ਦੇ ਲੱਗਭਗ ਹੈ।

ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਸੋਲਖੀਆਂ (ਰੋਪੜ) :- ਪਿੰਡ ਸੋਲਖੀਆਂ ਚੰਡੀਗੜ੍ਹ-ਰੋਪੜ ਮਾਰਗ 'ਤੇ ਸਥਿਤ ਹੈ। ਇਸ ਪਿੰਡ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਪ੍ਰੋ. ਗੰਡਾ ਸਿੰਘ ਅਨੁਸਾਰ ਪੰਥ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹਿੰਦ ਵਜ਼ੀਰ ਖ਼ਾਂ ਨੂੰ ਉਸ ਦੇ ਕੀਤੇ ਅੱਤਿਆਚਾਰਾਂ ਦੀ ਸਜ਼ਾ ੧੭੧੦ ਈ: ਵਿਚ ਸਰਹਿੰਦ 'ਤੇ ਹਮਲਾ ਕਰਕੇ ਉਸ ਨੂੰ ਪਾਰ ਬੁਲਾ ਕੇ ਦਿੱਤੀ। ਸਰਹਿੰਦ ਦੇ ਕਿਲ੍ਹੇ ਤੋਂ ਮੁਗ਼ਲਈ ਝੰਡਾ ਲਾਹ ਕੇ ਖਾਲਸਾਈ ਨਿਸ਼ਾਨ ਝੁਲਾ ਦਿੱਤੇ। ਚਪੜ-ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਗਹਿਗੱਚ ਲੜਾਈ ਸੂਬਾ ਸਰਹਿੰਦ ਨਾਲ ਹੋਈ ਤਾਂ ਇਸ ਯੁੱਧ ਵਿਚ ਬਾਬਾ ਦੀਪ ਸਿੰਘ ਜੀ ਨੇ ਵੀ ਆਪਣੇ ਜਥੇ ਸਮੇਤ ਸ਼ਮੂਲੀਅਤ ਕਰਕੇ ਵੈਰੀਆਂ ਦੇ ਐਸੇ ਦੰਦ ਖੱਟੇ ਕੀਤੇ ਕਿ ਮੁਗ਼ਲ ਫੌਜਾਂ ਨੂੰ ਭੱਜਦੀਆਂ ਨੂੰ ਰਾਹ ਨਹੀਂ ਸੀ ਲੱਭ ਰਿਹਾ। ਸਰਹਿੰਦ ਦੀ ਫ਼ਤਿਹ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਵਾਪਿਸ ਜਾਂਦੇ ਸਮੇਂ ਆਪਣੇ ਜਥੇ ਨਾਲ ਪਿੰਡ ਸੋਲਖੀਆਂ ਵਿਚ ਠਹਿਰੇ ਸਨ ਅਤੇ ਇਕ ਦਿਨ ਵਿਸ਼ਰਾਮ ਕੀਤਾ। ਇਸ ਯਾਦ ਨੂੰ ਪਿੰਡ ਵਾਸੀਆਂ ਨੇ ਆਪਣੇ ਦਿਲ ਵਿਚ ਸਾਂਭ ਕੇ ਰੱਖਿਆ ਹੋਇਆ ਹੈ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਯਾਦ ਨੂੰ ਤਾਜ਼ਾ ਰੱਖਣ ਲਈ ਗੁਰਦੁਆਰਾ ਸਾਹਿਬ ਸੁਸ਼ੋਭਿਤ ਕੀਤਾ ਹੈ। ਇਸ ਸਥਾਨ 'ਤੇ ਪਹਿਲਾਂ ਜੰਗਲ ਬੀਆਬਾਨ ਸੀ। ਸੰਨ ੧੯੬੮ ਈ: ਵਿਚ ਇਸ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਦਾ ਨੀਂਹ-ਪੱਥਰ ਰੱਖਿਆ ਗਿਆ। ਅੱਜਕਲ੍ਹ ਇਸ ਸਥਾਨ ਦੀ ਸੇਵਾ ਬਾਬਾ ਨਿਹਾਲ ਸਿੰਘ ਜੀ ਨਿਹੰਗ ਸਿੰਘ ਜਥੇਦਾਰ ਹਰੀਆਂ ਵੇਲਾਂ ਵਾਲੇ ਕਰ ਰਹੇ ਹਨ। ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਮਤਿ ਵਿਦਿਆਲਾ ਵੀ ਚਲਾਇਆ ਜਾ ਰਿਹਾ ਹੈ। ਇਸ ਸਥਾਨ 'ਤੇ ਫਰਵਰੀ ਦੇ ਮਹੀਨੇ ਵਿਚ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦੀ ਯਾਦ ਵਿਚ ਸਾਲਾਨਾ ਸਮਾਗਮ ਮਨਾਏ ਜਾਂਦੇ ਹਨ।

ਗੁਰਦੁਆਰਾ ਲਕੀਰ ਸਾਹਿਬ ਤਰਨਤਾਰਨ :- ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ 'ਤੇ ਜਬਰ ਜ਼ੁਲਮ ਦਾ ਦੌਰ ਸ਼ੁਰੂ ਹੋ ਗਿਆ। ਸਿੰਘ ਜੰਗਲਾਂ-ਪਹਾੜਾਂ ਵਿਚ ਚਲੇ ਗਏ। ਅਹਿਮਦ ਸ਼ਾਹ ਅਬਦਾਲੀ ਨੇ ੧੭੫੬-੫੭ ਈ: ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਕੇ ਢਾਹ-ਢੇਰੀ ਕਰ ਦਿੱਤਾ, ਪਵਿੱਤਰ ਸਰੋਵਰ ਨੂੰ ਪੂਰ ਦਿੱਤਾ। ਇਸ ਸਥਾਨ 'ਤੇ ਮੁਸਲਮਾਨ ਸਿਪਾਹੀਆਂ ਨੇ ਕਬਜ਼ਾ ਕਰ ਕੇ ਆਮ ਜਨਤਾ ਦਾ ਆਉਣਾ-ਜਾਣਾ ਬੰਦ ਕਰ ਦਿੱਤਾ ਸੀ। ਇਸ ਗੱਲ ਦਾ ਪਤਾ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਜਥੇਦਾਰ ਭਾਗ ਸਿੰਘ ਤੋਂ ਲੱਗਾ ਤਾਂ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਮੁਗ਼ਲ ਸਿਪਾਹੀਆਂ ਹੱਥੋਂ ਅਜ਼ਾਦ ਕਰਵਾਉਣ ਲਈ ਅਰਦਾਸਾ ਸੋਧਿਆ ਕਿ ਜੇਕਰ ਇਸ ਮੰਤਵ ਨੂੰ ਪੂਰਾ ਕਰਦਿਆਂ ਸ਼ਹੀਦੀ ਪ੍ਰਾਪਤ ਹੋਵੇ ਤਾਂ ਉਹ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਹੀ ਹੋਵੇ। ਬਾਬਾ ਜੀ ਦੀ ਉਮਰ ਇਸ ਵੇਲੇ ੭੯ ਸਾਲ ਦੀ ਸੀ। ਬਾਬਾ ਜੀ ਆਪਣੇ ਸਾਥੀ ਸਿੰਘਾਂ ਸਮੇਤ ਤਲਵੰਡੀ ਸਾਬੋ ਤੋਂ ਅੰਮ੍ਰਿਤਸਰ ਵੱਲ ਨੂੰ ਰਵਾਨਾ ਹੋ ਗਏ। ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ:

ਅੰਮ੍ਰਿਤਸਰ ਗੁਰਦੁਆਰੇ ਕੇਰੀ। ਸੁਨੀ ਬਿਅਦਬੀ ਸਿੰਘਨ ਬਥੇਰੀ।
ਪੰਥ ਨਹੀਂ ਥਾ ਸਬ ਇਕ ਠੌਰੈਂ। ਸਨ ਸਿੰਘਨ ਪਛਤਾਵੈ ਗੌਰੈਂ।
ਮਿਸਲ ਸ਼ਹੀਦਨ ਕਾ ਸਰਦਾਰੈਂ। ਦੀਪ ਸਿੰਘ ਥਾ ਬਡੋ ਉਦਾਰੈਂ।
ਰਹਿਤ ਦਮਦਮੇ ਢਿਗ ਤਲਵੰਡੀ। ਤਿਸਕੋ ਚੰਡੀ ਅਧਕ ਸੁਨ ਚੰਡੀ।
ਸਭਾ ਮਧ ਉਨ ਐਸ ਉਚਾਰਾ। ਸੂਰਬੀਰ ਸਿੰਘ ਜੋ ਗੁਰ ਪਿਆਰਾ।
ਧਰਮ ਰਖਯੋ ਚਿਹ ਜੋ ਗੁਰਦੁਆਰਾ। ਸੋ ਹਮਰੈ ਸੰਗ ਹੋਵੇ ਤਿਆਰਾ।
ਇਸ ਸੁਨ ਪੁਨ ਬਹੁ ਸਿੰਘਨ ਬਖਾਨਾ। ਹੇਤ ਧਰਮ ਹਮ ਦੈਹੈ ਜਾਨਾ।
ਸਿੰਘ ਜੀ ਖੁਸਿ ਹਵੈ ਪਾਠ ਕਰਾਯੋ। ਭੋਗ ਪਾਇ ਕੰਗਨਾ ਬੰਧਵਾਯੋ।

(ਪੰਥ ਪ੍ਰਕਾਸ਼, ਸਫ਼ਾ ੯੧੩)

ਆਪ ਨੇ ਆਪਣੀ ਜਗ੍ਹਾ ਭਾਈ ਨੱਥਾ ਸਿੰਘ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਸੌਂਪ ਕੇ ਸ਼ਹੀਦ ਹੋਣ ਦੇ ਇਰਾਦੇ ਨਾਲ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ। ਉਸ ਸਮੇਂ ਆਪ ਜੀ ਦੇ ਨਾਲ ਸਿਰਫ਼ ਪੰਜ ਸੌ ਸਿੰਘਾਂ ਦਾ ਜਥਾ ਸੀ। ਰਸਤੇ ਵਿਚ ਲਾਗਲੇ ਪਿੰਡਾਂ ਜੋਗਾ, ਦੋਰਾਜ, ਭੁੱਚੋ, ਗੋਬਿੰਦਪੁਰਾ, ਲੱਖੀ ਜੰਗਲ, ਬਹਿਮਾਨ, ਮਾਹਨਵਾਲ, ਕੋਟ, ਪੰਜੋ ਕੇ, ਗੁਰੂ ਚੌਤਰਾਂ, ਫੂਲ, ਮਹਿਰਾਜ, ਤੋਂ ਹੋਰ ਸਿੰਘ ਜਥੇ ਵਿਚ ਰਲਦੇ ਗਏ। ਇਸ ਤਰ੍ਹਾਂ ਤਰਨਤਾਰਨ ਪਹੁੰਚਣ ਤੀਕ ਆਪ ਜੀ ਨਾਲ ਪੰਜ ਹਜ਼ਾਰ ਜੁਝਾਰੂ ਸਿੰਘਾਂ ਦਾ ਜਥਾ ਬਣ ਗਿਆ ਸੀ। ਤਰਨਤਾਰਨ ਸਾਹਿਬ ਆ ਕੇ ਬਾਬਾ ਜੀ ਨੇ ਜੁਝਾਰੂ ਸਿੰਘਾਂ ਨੂੰ ਕਿਹਾ ਕਿ ਉਹ ਧਰਮ ਲਈ ਕੁਰਬਾਨ ਹੋਣ ਲਈ ਜਾ ਰਹੇ ਹਨ, ਜੇਕਰ ਕਿਸੇ ਨੂੰ ਜਾਨ ਪਿਆਰੀ ਹੈ ਉਹ ਵਾਪਿਸ ਚਲਾ ਜਾਵੇ ਅਤੇ ਜਿਸ ਨੇ ਜੂਝ ਕੇ ਸ਼ਹੀਦੀ ਪ੍ਰਾਪਤ ਕਰਨੀ ਹੈ ਉਹ ਹੀ ਉਨ੍ਹਾਂ ਦੇ ਨਾਲ ਆਵੇ। ਇਸ ਦੀ ਪਰਖ ਲਈ ਬਾਬਾ ਜੀ ਨੇ ਧਰਤੀ 'ਤੇ ਇਕ ਲਕੀਰ ਖਿੱਚ ਕੇ ਕਿਹਾ ਕਿ ਜਿਨ੍ਹਾਂ ਨੇ ਸ਼ਹੀਦੀ ਪ੍ਰਾਪਤ ਕਰਨੀ ਹੈ ਉਹ ਲਕੀਰ ਦੇ ਇਸ ਪਾਰ ਆ ਜਾਵੇ ਅਤੇ ਜਿਸ ਨੂੰ ਜਾਨ ਪਿਆਰੀ ਹੈ ਉਹ ਵਾਪਿਸ ਚਲਾ ਜਾਵੇ। ਤਸੱਲੀ ਵਾਲੀ ਗੱਲ ਸੀ ਕਿ ਸਾਰੇ ਸਿੰਘ ਲਕੀਰ ਟੱਪ ਗਏ। ਉਸ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਲਕੀਰ ਸਾਹਿਬ ਸੁਸ਼ੋਭਿਤ ਹੈ।

ਗੁਰਦੁਆਰਾ ਲਲਕਾਰ ਸਾਹਿਬ, ਗੋਹਲਵੜ :- ਬਾਬਾ ਦੀਪ ਸਿੰਘ ਜੀ ਆਪਣੇ ਸਿਰਲੱਥ ਯੋਧਿਆਂ ਨੂੰ ਨਾਲ ਲੈ ਇਸ ਸਥਾਨ 'ਤੇ ਡਟ ਗਏ। ਉਨ੍ਹਾਂ ਨੇ ਦੁਸ਼ਮਣ ਫੌਜਾਂ ਨੂੰ ਲਲਕਾਰਿਆ ਅਤੇ ਯੁੱਧ ਕਰਨ ਲਈ ਅੱਗੇ ਆਉਣ ਲਈ ਕਿਹਾ। ਬਾਬਾ ਜੀ ਦੀ ਇਸ ਯਾਦ ਵਿਚ ਇੱਥੇ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ।

ਗੁਰਦੁਆਰਾ ਟਾਹਲਾ ਸਾਹਿਬ :- ਉਧਰ ਲਾਹੌਰ ਦੇ ਸੂਬੇ ਨੂੰ ਵੀ ਖ਼ਬਰ ਲੱਗ ਗਈ ਕਿ ਸਿੱਖ ਦੀਵਾਲੀ ਦੇ ਮੌਕੇ 'ਤੇ ਅੰਮ੍ਰਿਤਸਰ ਇਕੱਠੇ ਹੋ ਰਹੇ ਹਨ। ਹਾਜੀ ਅਤਾਈ ਖਾਨ ਗਸ਼ਤੀ ਫੌਜ ਲੈ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਚੱਕਰ ਲਗਾ ਰਿਹਾ ਸੀ। ਅੰਮ੍ਰਿਤਸਰ ਪਹੁੰਚ ਕੇ ਸਿੱਖਾਂ ਨੂੰ ਦਬਾਉਣ ਦਾ

ਹੁਕਮ ਹੋਇਆ। ਉਧਰੋਂ ਸੂਬੇ ਨੇ ਢੋਲ ਵਜਵਾ ਕੇ ਲਾਹੌਰ ਵਿਚ ਜਹਾਦ ਦਾ ਐਲਾਨ ਕਰਵਾ ਦਿੱਤਾ ਅਤੇ ਸਾਰੇ ਮੋਮਨਾਂ ਨੂੰ ਨਿੱਤਰਨ ਲਈ ਵੰਗਾਰਿਆ। ਲਾਹੌਰ ਦਾ ਫੌਜਦਾਰ ਜਹਾਨ ਖਾਨ ਦੋ ਹਜ਼ਾਰ ਸਵਾਰ ਲੈ ਕੇ ਅੰਮ੍ਰਿਤਸਰ ਵੱਲ ਚੱਲ ਪਿਆ। ਦੋਹਾਂ ਦਲਾਂ ਦਾ ਗੋਹਲਵੜ ਨੇੜੇ ਟਾਕਰਾ ਹੋ ਗਿਆ। ਸਿੰਘਾਂ ਨੇ ਅਜਿਹੀ ਸੂਰਬੀਰਤਾ ਵਿਖਾਈ ਕਿ ਸ਼ਾਹੀ ਫੌਜ ਵਿਚ ਭਾਜੜ ਪੈ ਗਈ। ਪਰ ਏਨੇ ਚਿਰ ਵਿਚ ਹਾਜ਼ੀ ਅਤਾਈ ਖਾਨ ਵੀ ਫੌਜ ਅਤੇ ਤੋਪਾਂ ਲੈ ਕੇ ਪਹੁੰਚ ਗਿਆ। ਬੜੇ ਘਮਸਾਣ ਦੀ ਲੜਾਈ ਹੋਈ। ਸਿੰਘਾਂ ਨੇ ਅੰਮ੍ਰਿਤਸਰ ਪੁੱਜਣ ਦੀ ਕੋਸ਼ਿਸ਼ ਵਿਚ ਅਜਿਹੀ ਤਲਵਾਰ ਚਮਕਾਈ ਅਤੇ ਬਹਾਦਰੀ ਵਿਖਾਈ ਕਿ ਛੇ ਕੋਹ ਵਿਚ ਲਾਸ਼ਾਂ ਦੇ ਢੇਰ ਲੱਗ ਗਏ। ਸਾਰੀ ਧਰਤੀ ਖ਼ੂਨੋ-ਖ਼ੂਨ ਹੋ ਗਈ। ਗੋਹਲਵੜ ਵਾਲੀ ਥਾਂ 'ਤੇ ਜਿੱਥੋਂ ਬਾਬਾ ਦੀਪ ਸਿੰਘ ਜੀ ਦੀ ਮੁਗ਼ਲਾਂ ਨਾਲ ਲੜਾਈ ਸ਼ੁਰੂ ਹੋਈ ਉਸ ਸਥਾਨ 'ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਟਾਹਲਾ ਸਾਹਿਬ ਸੁਸ਼ੋਭਿਤ ਹੈ।

ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ, ਅੰਮ੍ਰਿਤਸਰ :- ਅੰਮ੍ਰਿਤਸਰ ਦੇ ਬਾਹਰ ਰਾਮਸਰ ਦੇ ਪਾਸ ਬਾਬਾ ਦੀਪ ਸਿੰਘ ਜੀ ਨੂੰ ਧੌਣ 'ਤੇ ਤਲਵਾਰ ਦਾ ਜ਼ਬਰਦਸਤ ਮਾਰੂ ਵਾਰ ਹੋਇਆ। ਉਨ੍ਹਾਂ ਦਾ ਸੀਸ ਡਿੱਗਣ ਹੀ ਲੱਗਾ ਸੀ ਕਿ ਪਾਸੋਂ ਇਕ ਸਿੰਘ ਨੇ ਪਿਆਰ ਨਾਲ ਕਿਹਾ, 'ਬਾਬਾ ਜੀ ! ਤੁਸੀਂ ਅਰਦਾਸਾ ਤਾਂ ਸੋਧਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਸ਼ਹੀਦ ਹੋਈਏ ਪਰ ਆਪ ਉਰੇ ਹੀ ਫ਼ਤਹ ਗਜਾ ਚਲੇ ਹੋ !' ਇਹ ਸੁਣ ਕੇ ਬਾਬਾ ਜੀ ਨੇ ਸੀਸ ਨੂੰ ਖੱਬੇ ਹੱਥ ਨਾਲ ਸਾਂਭਿਆ ਅਤੇ ਸੱਜੇ ਹੱਥ ਨਾਲ ੮ ਸੇਰ (ਕੱਚਾ) ਦਾ ਖੰਡਾ ਵਾਹੁੰਦੇ ਤੇ ਵੈਰੀਆਂ ਦੇ ਆਹੂ ਲਾਹੁੰਦੇ ਸ੍ਰੀ ਦਰਬਾਰ ਸਾਹਿਬ ਵੱਲ ਚੱਲ ਪਏ। ਇਸ ਜਗ੍ਹਾ 'ਤੇ ਬਾਬਾ ਜੀ ਦੀ ਬੇਮਿਸਾਲ ਸੂਰਮਗਤੀ ਦੀ ਇਤਿਹਾਸਕ ਯਾਦ ਵਿਚ ਅੰਮ੍ਰਿਤਸਰ ਦੇ ਚਾਟੀਵਿੰਡ ਦਰਵਾਜ਼ੇ ਦੇ ਨੇੜੇ ਗੁਰਦੁਆਰਾ ਰਾਮਸਰ ਸਾਹਿਬ ਦੇ ਪਾਸ ਬਾਬਾ ਦੀਪ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਬਣਿਆ ਪ੍ਰਸਿੱਧ ਗੁਰਦੁਆਰਾ ਸਾਹਿਬ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਸੁਸ਼ੋਭਿਤ ਹੈ। ਇੱਥੇ ਹੀ ਬਾਬਾ ਜੀ ਦੇ ਮ੍ਰਿਤਕ ਸਰੀਰ ਦਾ ਦਾਹ ਸੰਸਕਾਰ ਕੀਤਾ ਗਿਆ ਸੀ। ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਯਾਦ ਵਿਚ ਸ. ਜੱਸਾ ਸਿੰਘ ਰਾਮਗੜ੍ਹੀਏ ਨੇ ਸ਼ਹੀਦ ਗੰਜ ਦੀ ਸਿਰਜਣਾ ਕਰਵਾਈ ਸੀ। ਬਾਅਦ ਵਿਚ ਪੰਥ ਦੇ ਮਹਾਨ ਜਰਨੈਲ ਅਕਾਲੀ ਫੂਲਾ ਸਿੰਘ ਨੇ ਸ਼ਹੀਦ ਗੰਜ ਨੂੰ ਯਾਦਗਾਰੀ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਵਿਕਸਿਤ ਕੀਤਾ। ਇਸ ਸਥਾਨ ਦਾ ਪ੍ਰਬੰਧ ਪਹਿਲਾਂ ਸ਼ਹੀਦ ਮਿਸਲ ਦੇ ਸਰਦਾਰ ਕਰਦੇ ਸਨ। ੩੧ ਅਕਤੂਬਰ ੧੯੨੪ ਈ: ਵਿਚ ਇਸ ਇਤਿਹਾਸਕ ਸਥਾਨ ਦਾ ਪ੍ਰਬੰਧ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਇਆ ਜਿਸ ਨੇ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਨੂੰ ਆਧੁਨਿਕ ਦਿਖ ਪ੍ਰਦਾਨ ਕੀਤੀ ਹੈ।

ਥੁੰਗਾ ਬਾਬਾ ਦੀਪ ਸਿੰਘ ਜੀ, ਅੰਮ੍ਰਿਤਸਰ :- ਬਾਬਾ ਦੀਪ ਸਿੰਘ ਜੀ ਨੂੰ ਰੋਕਣ ਲਈ ਭਾਰੀ ਮੁਗ਼ਲ ਫੌਜ ਭੇਜੀ ਗਈ ਪਰੰਤੂ ਸਿੰਘਾਂ ਦੇ ਜੋਸ਼ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਪਰਕਰਮਾਂ ਵਿਚ ਪਹੁੰਚ ਕੇ ਆਪਣਾ ਸੀਸ ਗੁਰੂ ਦੇ ਚਰਨਾਂ ਵਿਚ ਭੇਟ ਕਰ ਪ੍ਰਾਣ ਤਿਆਗ ਦਿੱਤੇ। ਇਸ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਥੁੰਗਾ ਬਾਬਾ ਦੀਪ ਸਿੰਘ ਬਣਿਆ ਹੋਇਆ ਹੈ।

ਥੜ੍ਹਾ ਸਾਹਿਬ ਸ਼ਹੀਦਾਂ, ਅੰਮ੍ਰਿਤਸਰ :- ਬਾਬਾ ਦੀਪ ਸਿੰਘ ਜੀ ਦੀ ਤਰ੍ਹਾਂ ਹੀ ਜਥੇਦਾਰ ਰਾਮ ਸਿੰਘ ਵੈਰੀਆਂ ਨੂੰ ਮਾਰ ਕੇ ਸ਼ਹੀਦ ਹੋ ਗਿਆ, ਜਿਨ੍ਹਾਂ ਦਾ ਸ਼ਹੀਦ ਗੰਜ ਰਾਮਗੜ੍ਹੀਆਂ ਦੇ ਕੱਟੜੇ ਵਿਚ ਹੈ। ਬਾਬਾ ਸੱਜਣ ਸਿੰਘ, ਬਾਬਾ ਬਹਾਦਰ ਸਿੰਘ ਤੇ ਕਈ ਹੋਰ ਸਿੰਘ ਗੁਰੂ ਦੇ ਬਾਗ ਵਿਚ ਲੜਦੇ ਸ਼ਹੀਦ ਹੋ ਗਏ, ਉਨ੍ਹਾਂ ਦਾ ਸਥਾਨ ਬਾਗ਼ ਵਿਚ ਹੈ। ਬਾਗ਼ ਦੀ ਜਗ੍ਹਾ ਅੱਜਕਲ੍ਹ ਦੀਵਾਨ ਹਾਲ ਮੰਜੀ ਸਾਹਿਬ ਬਣ ਗਿਆ ਹੈ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਮੰਜੀ ਸਾਹਿਬ ਦੇ ਨੇੜੇ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ, ਜਿਸ ਦੇ ਥੜ੍ਹੇ ਉੱਪਰ ਹੇਠ ਲਿਖੇ ਸਿੰਘਾਂ ਦੇ ਨਾਮ ਲਿਖੇ ਹੋਏ ਹਨ :

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ :- ਜਦੋਂ ਇਸ ਲੜਾਈ ਦਾ ਹਾਲ ਬਾਬਾ ਗੁਰਬਖਸ਼ ਸਿੰਘ ਅਤੇ ਬਾਬਾ ਦਰਗਾਹ ਸਿੰਘ ਨੇ ਸੁਣਿਆ ਤਾਂ ਉਹ ਉਸੇ ਵੇਲੇ ਆਨੰਦਪੁਰ ਸਾਹਿਬ ਤੋਂ ਦੋ ਹਜ਼ਾਰ ਸਵਾਰ ਲੈ ਕੇ ਚੜ੍ਹ ਆਏ ਤੇ ਵੈਰੀਆਂ ਨਾਲ ਲੜਦੇ-ਭਿੜਦੇ ਅੰਮ੍ਰਿਤਸਰ ਪਹੁੰਚ ਗਏ। ਸਿੰਘਾਂ ਨੂੰ ਪਵਿੱਤਰ ਗੁਰ-ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਦੇਖ ਕੇ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਰਾਤ ਨੂੰ ਛਾਪੇ ਮਾਰ ਕੇ ਵੈਰੀਆਂ ਦੇ ਥਾਣੇ ਤਹਿਸੀਲਾਂ ਸਭ ਸਾੜ ਦਿੱਤੀਆਂ। ਸਿੰਘਾਂ ਦੇ ਮੁਕਾਬਲੇ ਲਈ ਹੋਰ ਮੁਗ਼ਲ ਫੌਜਾਂ ਬੁਲਾ ਲਈਆਂ ਗਈਆਂ ਅਤੇ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਦਾ ਹੁਕਮ ਦੇ ਦਿੱਤਾ। ਸ਼ਾਹ ਨਾਜ਼ਮ ਦੀਨ, ਸਰ ਬੁਲੰਦ ਖਾਨ, ਜਾਬਰ ਖਾਨ, ਜਾਲਮ ਖਾਨ ਆਦਿ ਫੌਜਦਾਰ ੨੦ ਹਜ਼ਾਰ ਲੜਾਕੇ ਪਠਾਣਾਂ ਨੂੰ ਲੈ ਕੇ ਮੈਦਾਨ ਵਿਚ ਆ ਗਏ। ਉਧਰ ੯ ਮੱਘਰ ੧੮੧੮ ਬਿਕ੍ਰਮੀ ਨੂੰ ਜਥੇਦਾਰ ਗੁਰਬਖਸ਼ ਸਿੰਘ ਆਦਿ ਦੁਸ਼ਮਣ ਦੀ ਚੜ੍ਹਾਈ ਸੁਣ ਕੇ ਧਰਮ-ਯੁੱਧ ਲਈ ਅਰਦਾਸ ਕਰ ਕੇ ਸ਼ਹੀਦ ਹੋਣ ਲਈ ਤਿਆਰ ਹੋ ਬੈਠੇ। ਦਿਨ ਚੜ੍ਹਦੇ ਤਕ ਪਠਾਣਾਂ ਦੀ ਵੱਡੀ ਕਾਫੀ ਫੌਜ ਅੰਮ੍ਰਿਤਸਰ ਪਹੁੰਚ ਗਈ। ਸ੍ਰੀ ਅੰਮ੍ਰਿਤਸਰ ਸਰੋਵਰ ਦੇ ਪਿਛਲੇ ਪਾਸੇ ਬੜੀ ਭਿਆਨਕ ਲੜਾਈ ਹੋਈ, ਜਿਸ ਵਿਚ ਬਾਬਾ ਗੁਰਬਖਸ਼ ਸਿੰਘ, ਬਾਬਾ ਨਿਹਾਲ ਸਿੰਘ, ਬਾਬਾ ਬਸੰਤ ਸਿੰਘ ਆਦਿ ਵੱਡੇ ਜਥੇਦਾਰ ਸ਼ਹੀਦ ਹੋ ਗਏ। ਦੁਰਾਨੀਆਂ ਦੀ ਫੌਜ ਪਿੱਛੋਂ ਹੋਰ ਆਉਂਦੀ ਗਈ ਤਾਂ ਸਿੰਘ ਬਸਰਾ ਦੇ ਜੰਗਲਾਂ ਵਿਚ ਚਲੇ ਗਏ ਅਤੇ ਦੁਰਾਨੀ ਮੈਦਾਨ ਖ਼ਾਲੀ ਦੇਖ ਕੇ ਅੰਮ੍ਰਿਤਸਰ ਵਿਚ ਖੜਦੁੰਮ ਮਚਾ ਕੇ ਵਾਪਸ ਚਲੇ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਬਾਬਾ ਬਸੰਤ ਸਿੰਘ ਦੇ ਥੜ੍ਹੇ ਦੇ ਪਾਸ ਬਾਬਾ ਗੁਰਬਖਸ਼ ਸਿੰਘ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਬਾਬਾ ਨਿਹਾਲ ਸਿੰਘ ਚੁਰਸਤੀ ਅਟਾਰੀ ਦੇ ਪਾਸ ਸ਼ਹੀਦ ਹੋਏ ਸਨ, ਜਿਸ ਜਗ੍ਹਾ 'ਤੇ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ। ਇਹ ਸਥਾਨ ਹੁਣ ਅੰਮ੍ਰਿਤਸਰ ਵਿਚ ਸ਼ਹੀਦ ਗੰਜ ਦੇ ਨਾਂ ਨਾਲ ਮਸ਼ਹੂਰ ਹੈ।

ਲੁਬਾਣਿਆਂ ਦੀਆਂ ਗੋਤਾਂ ਅਤੇ ਅੱਲਾਂ

ਅੰਗਰੇਜ਼ ਲਿਖਾਰੀ ਡੈਨਜਿਲ ਇਬਸਟਨ ਦੀ ਕਿਤਾਬ ਪੰਜਾਬ ਕਾਸਟਸ ਦੇ ਪੰਨਾਂ ਨੰਬਰ 255 ਤੇ ਦਰਜ ਹੈ ਕਿ 'ਪੰਜਾਬ ਵਿਚ ਲੁਬਾਣਾ ਬਰਾਦਰੀ ਦੇ ਲੋਕ ਹਿੰਦੂ, ਸਿੱਖ ਅਤੇ ਮੁਸਲਮਾਨ ਵੀ ਸਨ। ਬ੍ਰਿਟਿਸ਼ ਰਾਜ ਦੇ ਸ਼ੁਰੂ ਵਿਚ ਹਿੰਦੂ ਲੁਬਾਣਿਆਂ ਦੀ ਗਿਣਤੀ ਸਿੱਖ ਲੁਬਾਣਿਆਂ ਤੋਂ ਬਹੁਤ ਜ਼ਿਆਦਾ ਸੀ। ਮੁਸਲਮਾਨ ਲੁਬਾਣੇ ਬਹੁਤ ਘੱਟ ਸਨ।''

ਐਮ.ਏ. ਸ਼ੇਰਰਿੰਗ ਦੀ ਪੁਸਤਕ 'ਹਿੰਦੂ ਟ੍ਰਾਇਬਿਸ ਐਂਡ ਕਾਸਟਸ', ਕੋਸਮੋ ਪਬਲੀਕੇਸ਼ਨ ਦਿੱਲੀ 1879 ਦੇ ਪੰਨਾ 69 ਅਨੁਸਾਰ 1868 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਇਹਨਾਂ ਨੂੰ ਹਿੰਦੂ ਲੁਬਾਣਿਆਂ ਵਿਚ ਸ਼ਾਮਲ ਕੀਤਾ ਗਿਆ।

ਡੈਨਜਿਸ ਚਾਰਲਸ ਜੇਲਫ ਇਬਟਸਨ ਦੀ ਰਿਪੋਰਟ ਆਨ ਦੀ ਸੈਨਸਿਸ ਆਫ਼ ਪੰਜਾਬ 1881 ਜਿਲਦ 2 ਪੰਨਾ 27-28 ਅਨੁਸਾਰ 1881 ਈ. ਵਿਚ ਪੰਜਾਬ ਵਿਚ ਲੁਬਾਣਾ ਬਰਾਦਰੀ ਦੀ ਕੁਲ ਗਿਣਤੀ 48,489 ਸੀ। ਇਨ੍ਹਾਂ ਵਿਚੋਂ 69.34 ਪ੍ਰਤੀਸ਼ਤ ਹਿੰਦੂ ਲੁਬਾਣੇ, 25.57 ਪ੍ਰਤੀਸ਼ਤ ਸਿੱਖ ਲੁਬਾਣੇ ਅਤੇ 3.09 ਪ੍ਰਤੀਸ਼ਤ ਮੁਸਲਮਾਨ ਲੁਬਾਣੇ ਸਨ।

ਈ.ਡੀ. ਮੈਕਲਾਗਨ, ਰਿਪੋਰਟ ਆਨ ਦੀ ਸੈਨਸਸ ਆਫ਼ ਇੰਡੀਆ 1921 ਅੰਕ 15 ਭਾਗ 2 ਅਨੁਸਾਰ ''ਇਹ ਬਰਾਦਰੀ ਬਹੁਤ ਜਲਦੀ ਸਿੱਖ ਧਰਮ ਦੇ ਪ੍ਰਭਾਵ ਹੇਠ ਆ ਰਹੀ ਸੀ ਜਿਸ ਕਰਕੇ 1921 ਈ. ਵਿਚ ਸਿੱਖ ਲੁਬਾਣਿਆਂ ਦੀ ਗਿਣਤੀ 77.51 ਪ੍ਰਤੀਸ਼ਤ ਹੋ ਗਈ, ਹਿੰਦੂ ਲੁਬਾਣਿਆਂ ਦੀ ਗਿਣਤੀ 15.28 ਪ੍ਰਤੀਸ਼ਤ ਅਤੇ ਮੁਸਲਮਾਨ ਲੁਬਾਣਿਆਂ ਦੀ ਗਿਣਤੀ 7.21 ਪ੍ਰਤੀਸ਼ਤ ਰਹਿ ਗਈ। ਸਿੱਖ ਲੁਬਾਣਿਆਂ ਦੀ ਗਿਣਤੀ ਹਿੰਦੂ ਲੁਬਾਣਿਆਂ ਦੇ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਕਾਰਨ ਵੱਧੀ।''

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



ਐਲ ਗਿਡਲਟਨ ਐਂਡ ਐਸ.ਐਮ. ਜੈਕੇਬ ਰਚਿਤ ''ਰਿਪੋਰਟ ਆਨ ਦੀ ਸੈਨਸਸ ਆਫ਼ ਇੰਡੀਆ 1921 ਅੰਕ 15 ਭਾਗ 1 ਪੰਨਾ 184 ਤੇ ਲਿਖਦੇ ਹਨ ਕਿ 1921 ਈ. ਵਿਚ ਪੰਜਾਬ ਵਿਚ ਲੁਬਾਣਾ ਬਰਾਦਰੀ ਦੀ ਕੁਲ ਗਿਣਤੀ 56316 ਸੀ। ਇਨ੍ਹਾਂ ਵਿਚੋਂ ਸਿੱਖ ਲੁਬਾਣੇ 43,648, ਹਿੰਦੂ ਲੁਬਾਣੇ 8,606 ਅਤੇ ਮੁਸਲਮਾਨ ਲੁਬਾਣੇ 4062 ਸਨ।''

1881 ਤੋਂ 1921 ਤੱਕ ਸਿੱਖਾਂ ਦੀ ਕੁਲ ਗਿਣਤੀ ਵਿਚ 82.28 ਪ੍ਰਤੀਸ਼ਤ ਦਾ ਵਾਧਾ ਹੋਇਆ ਜਦੋਂ ਕਿ ਲੁਬਾਣੇ ਸਿੱਖਾਂ ਦੀ ਗਿਣਤੀ ਵਿਚ ਇਹ ਵਾਧਾ 234.04 ਪ੍ਰਤੀਸ਼ਤ ਹੋਇਆ। ਇਸ ਦਾ ਮੁੱਖ ਕਾਰਨ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਵੱਲੋਂ ਲੁਬਾਣੇ ਸਿੱਖਾਂ ਨੂੰ ਸਿੱਖੀ ਨਾਲ ਜੋੜਨਾ ਸੀ। ਕੇਸਾਧਾਰੀ ਲੁਬਾਣਿਆਂ ਨੂੰ ਪਹਿਲ ਦੇ ਅਧਾਰ ਤੇ ਬ੍ਰਿਟਿਸ਼ ਸੈਨਾ ਵਿਚ ਭਰਤੀ ਕਰਨਾ, ਇਕ ਹੋਰ ਮਹੱਤਵਪੂਰਨ ਕਾਰਨ ਸੀ, ਜਿਸ ਕਰਕੇ ਸਿੱਖ ਲੁਬਾਣਿਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ।

ਲੁਬਾਣਾ ਬਰਾਦਰੀ ਮੁੱਖ ਤੌਰ 'ਤੇ 11 ਗੋਤਾਂ ਵਿਚ ਵੰਡੀ ਹੋਈ ਸੀ। ਡਬਲਿਯੂ ਕਰੂਨ ਦੀ ਪੁਸਤਕ ''ਟ੍ਰਾਇਬਸ ਐਂਡ ਕਾਸਟਸ ਆਫ਼ ਦੀ ਨਾਰਥ ਵੈਸਟਰਨ ਇੰਡੀਆ'' ਪੰਨਾ 158 ਅਤੇ ਐਚ.ਏ. ਰੋਜ ਏ ਗਲੋਸਰੀ ਆਫ਼ ਦੀ ਟ੍ਰਾਇਬਸ ਐਂਡ ਕਾਸਟਸ ਆਫ਼ ਦੀ ਪੰਜਾਬ ਐਂਡ ਨਾਰਥ ਵੈਸਟ ਫਰੰਟੀਅਰ ਪ੍ਰੋਵਿਨਸ ਜਿਲਦਤ ਪੰਨਾ 3 ਦੇ ਅਨੁਸਾਰ ਇਹ 11 ਗੋਤਾਂ ਹੇਠ ਲਿਖੇ ਅਨੁਸਾਰ ਸਨ।

1. ਕੁੰਡਲਸ	5. ਕੋਛਲ	9. ਵਾਸ਼ਿਸਟ
2. ਸੰਡਲਸ	6. ਕੋਲੱਸ	10. ਬਿਸੁਪਲ
3. ਭਾਰੈਂਤ	7. ਲਗਲਸ	11. ਅਤਰੇਲਸ
4. ਬਸ਼ਕ	8. ਕਛਪ	

ਇਨ੍ਹਾਂ ਵਿਚੋਂ ਕੁੰਡਲਸ ਤੇ ਸੰਡਲਸ ਮੁੱਖ ਗੋਤਾਂ ਸਨ ਜਦੋਂ ਕਿ ਬਾਕੀ ਗੋਤਾਂ ਛੋਟੀਆਂ ਸਨ। ਇਹ ਗੋਤਾਂ ਕਈ ਹਿੱਸਿਆਂ ਵਿਚ ਵੰਡੀਆਂ ਹੋਈਆਂ ਸਨ। ਜਿਨ੍ਹਾਂ ਨੂੰ ਅੱਲ ਕਿਹਾ ਜਾਂਦਾ ਸੀ। ਕੁੰਡਲਸ ਗੋਤ ਦੀਆਂ 29 ਅੱਲਾਂ ਸਨ।

1. ਦਾਤਲੇ	9. ਨਿਮਤਿਆਣੇ	16. ਸੰਸਸਿਆਣੇ	23. ਝੰਡੇ

5. ਲਾਲੀਏ	13. ਕੂਲੀਏ	20. ਖਾਬੜੀਏ	27. ਭਈਵਾਲ
6. ਕੁਲਸਾਨੇ	14. ਕਰਡਲੀਏ	21. ਨਾਲੇ	28. ਮਾਏਸੀ
7. ਕੁਲਵਾਲੇ	15. ਮੂਈਏ	22. ਜਾਲੇ	29. ਬਾਲੇ
8. ਹਿਸਾਬਮਾਏ			

ਇਨ੍ਹਾਂ ਵਿਚੋਂ ਦਾਤਲੇ, ਬਘਿਆਣੇ, ਮੁਲਤਾਨੀ, ਬੜਵਾਲ, ਗਾਹੜੇ, ਕਾਕਨੀਏ ਅਤੇ ਮਾਏਸੀ ਮਹੱਤਵਪੂਰਨ ਅੱਲਾਂ ਸਨ, ਬਾਕੀ ਸਭ ਕੇਵਲ ਉਪਨਾਮ ਹੀ ਸਨ।

ਸੰਡਲਸ ਗੋਤ ਵੀ 28 ਅੱਲਾਂ ਵਿਚ ਵੰਡੀ ਹੋਈ ਸੀ।

1. ਅਜਰਾਉਤ	8. ਫੱਤੇਖਾਣੀ	15. ਕਰਾੜਕੇ	22. ਸੁੰਦਰਾਈ
2. ਘੋਤੜੇ	9. ਭੌਰੇ	16. ਢੋਥਾਲ	23. ਤੀਤਰੀਏ
3. ਮਟਿਆਏ	10. ਲਮਟਾੜੀਏ	17. ਸਦਿਆਈ	24. ਦੋ ਕੇ
4. ਲਿਮਤਿਆਏ	11. ਮੂਛੀਏ	18. ਕੌਲੀਏ	25. ਚਿਤਰੀਏ
5. ਮੁੰਦਰ	12. ਮਾਨਾ ਦੇਦੂ	19. ਬਾਸੋਆਈਏ	26. ਲੱਕੜ ਮੰਡੀਏ
6. ਬਹਾਦਰੀਏ	13. ਉਰਜੜੇ	20. ਨਾ ਨੌਤ	27. ਜਾਂਗਲੀਏ
7. ਡੇਡੀਏ	14. ਬਤਾਰਾਲੇ	21. ਮੱਖਣਕੇ	28. ਰਾਇਕੇ

ਇਹਨਾਂ ਵਿਚੋਂ ਅਜਰਾਉਤ, ਘੋਤੜੇ ਅਤੇ ਮਟਿਆਏ ਮਹੱਤਵਪੂਰਨ ਅੱਲਾਂ ਸਨ। ਜਦੋਂ ਕਿ ਬਾਕੀ ਦੇ ਕੇਵਲ ਪਰਿਵਾਰਕ ਉਪਮਾਨ ਹੀ ਸਨ।

ਭਾਰਤੋ ਗੋਤ ਦੇ ਅੱਠ ਭੇਦ ਸਨ। ਪਾਡੇ, ਪਟਵਾਲੀਏ, ਧੜੀਮੀਏ, ਮਨਿਹਾਈ, ਖੰਡਈਏ, ਬੁਤਿਆਈ, ਗਾਡਗੀਏ ਅਤੇ ਚਿੰਗਾੜੀਏ।

ਬਸ਼ਕ ਗੋਤ ਵੀ ਅੱਠ ਭਾਗਾਂ ਵਿਚ ਵੰਡੀ ਹੋਈ ਸੀ – ਕਾਸਮੀ, ਖਾਸਗੀਏ, ਖੂਨੀ ਖਾਸਗੀਏ, ਬਰੜੀਏ, ਹਰਦਾਸੀਏ, ਪਲਕੇ, ਮਖਣਵਾਲ ਅਤੇ ਕਰਮੂਕੇ। ਇਨ੍ਹਾਂ ਵਿਚੋਂ ਖਾਸਗੀਏ ਮਹੱਤਵਪੂਰਨ ਸਨ।

ਕੋਸ਼ਲ ਗੋਤ ਦੇ ਚਾਰ ਭਾਗ ਸਨ – ਮਾਥੋਨ, ਭੋਨਸੀਏ, ਅਧਮੂਡੀਏ ਅਤੇ ਮਲਈਏ।

ਹਰਨਾਮ ਸਿੰਘ ਰਚਿਤ ਲੁਬਾਣਾ ਇਤਿਹਾਸ ਦੇ ਪੰਨਾ 127-128 ਅਨੁਸਾਰ ਕੋਸ਼ਲ ਗੋਤ ਦੇ ਸੱਤ ਭੇਦ ਸਨ – ਗਰਜਰ, ਗੁੱਜਰ, ਗਉਪਾਲੇ, ਬੋਲੀਏ, ਮਲੈਕੇ, ਪਟਵਾਰੀਕੇ ਅਤੇ ਕਨਚੀਗੀਏ।

ਲਸਲਗ ਗੋਤ ਦੇ 6 ਭਾਗ ਸਨ – ਪਾਲ, ਪੇਲੀਏ ਜਾਂ ਮਖਣਸ਼ਾਹੀ, ਚਪਾਰਨੀਏ, ਫਾਟੜੇ, ਰਾਜੇ, ਭਾਲਕੇ, ਗੋਮਟ ਅਤੇ ਸੌਨਕ।

ਵਸ਼ਿਸਟ ਗੋਤ ਵਿਚ ਨਾਇਕ ਬ੍ਰਾਹਮਣ, ਚੋਹੰਨੇ, ਗੰਗੇਕੇ, ਗਾਲਬੀ, ਦਸੋਂਦੀਏ ਅਤੇ ਨਾਨਕੀਏ ਆਉਂਦੇ ਸਨ।

ਬਿਸਪਤ ਗੋਤ ਵਿਚ ਸਾਰਸਤੀ, ਨਾਨਕੀ, ਰਖਬਾਰੇ, ਦਸੋਂਧੀਏ ਭਾਊ ਭੇਦ ਆਉਂਦੇ ਸਨ।

ਅਤਰੇਲਸ ਗੋਤ ਵਿਚ ਗੋਜਲੇ, ਟਾਕੜੇ, ਬੋਡੀਏ, ਗਊਕੇ ਅਤੇ ਬੰਬੀਏ ਭੇਦ ਆਉਂਦੇ ਸਨ।

ਇਸ ਬਰਾਦਰੀ ਦੇ ਲੋਕ ਆਪਣੀ ਗੋਤ ਨਾਲੋਂ ਆਪਣੀ ਅੱਲ ਦੇ ਨਾਮ ਨੂੰ ਜ਼ਿਆਦਾ ਪਹਿਲ ਦਿੰਦੇ ਸਨ। ਉਦਾਹਰਣ ਦੇ ਤੌਰ 'ਤੇ ਪੇਲੀਏ ਲੁਬਾਣਿਆਂ ਦੀ ਗੋਤ ਕਸ਼ਪ ਹੈ, ਦਾਤਲਿਆਂ ਦੀ ਕੁੰਡਲਸ ਅਤੇ ਅਜਰਾਉਤ ਜਾਂ ਘੋਤੜਿਆਂ ਦੀ ਗੋਤ ਸੰਡਲਸ ਹੈ। ਪ੍ਰੰਤੂ ਇਹ ਆਪਣੀਆਂ ਅੱਲਾਂ ਨੂੰ ਹੀ ਜ਼ਿਆਦਾ ਤਰਜੀਹ ਦਿੰਦੇ ਹਨ।

ਅਜਰਾਉਤ, ਦਾਤਲੇ, ਪੇਲੀਏ, ਖਾਸਗੀਏ, ਮਟਿਆਲੇ, ਬਘਿਆਣੇ, ਗਾਹੜੇ ਅਤੇ ਕਾਕਨੀਏ ਗੋਤ ਦੇ ਲੋਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਮਿਲਦੇ ਸਨ।

* ਗੋਤਾਂ ਦਾ ਨਾਮ, ਰਹਿਣ ਵਾਲੀ ਜਗ੍ਹਾ, ਕੰਮ ਧੰਦੇ, ਧਾਰਮਿਕ ਰੀਤੀ-ਰਿਵਾਜ਼ਾਂ ਅਤੇ ਮਹੱਤਵਪੂਰਨ ਵਿਅਕਤੀ ਦੇ ਨਾਮ ਤੇ ਪਏ।

ਲੁਬਾਣਾ ਬਰਾਦਰੀ ਦੀਆਂ ਗੋਤਾਂ ਦੀ ਇਕ ਖਾਸ ਵਿਸ਼ੇਸ਼ਤਾ ਇਹ ਸੀ ਕਿ ਇਸ ਦੀ ਕੋਈ ਵੀ ਗੋਤ ਖੱਤਰੀਆਂ, ਅਰੋੜਿਆਂ, ਜੱਟਾਂ, ਸੈਣੀਆਂ ਜਾਂ ਕੰਬੋਜਾਂ ਨਾਲ ਨਹੀਂ ਮਿਲਦੀ ਸੀ।

* ਉਦਾਹਰਣ ਦੇ ਤੌਰ ਤੇ ਪੜਵਾਲ ਗੋਤ ਜੇਨੇਊ ਰੀਤੀ ਪਦਵਾ ਤੋਂ ਨੀ। ਇਸੇ ਤਰ੍ਹਾਂ ਲਾਲੀਆ ਗੋਤ ਲਾਲ ਚੰਦ ਦੇ ਨਾਮ ਤੋਂ ਸ਼ੁਰੂ ਹੋਈ।

ਗਾੜੇ ਗੋਤ ਗੜਮਲ ਦੇ ਨਾਂਅ ਤੋਂ ਬਣੀ। ਹੁਸਿਆਨੇ ਬਾਬਾ ਹਸਨਾ ਤੋਂ ਅਤੇ ਮੱਖਣਸ਼ਾਹੀ ਬਾਬਾ ਮੱਖਣ ਸ਼ਾਹ ਲੁਬਾਣੇ ਤੋਂ। ਲੇਖਕ ਆਰ ਜੀ ਲਾਥਮ ਦੀ ਕਿਰਤ ਐਥਨੋਲਔਜੀ ਆਫ਼ ਇੰਡੀਆ ਵੂਡਫਾਲ ਐਂਡ ਕਿੰਡਰ ਪ੍ਰਿੰਟਿੰਗ ਲੰਡਨ 1858 ਪੰਨਾ 368 ਅਨੁਸਾਰ ਮੁਸਲਾਨੀ ਗੋਤ ਦੇ ਲੋਕ 1739 ਈ. ਵਿਚ ਨਾਦਰ ਸ਼ਾਹ ਦੇ ਹਮਲੇ ਸਮੇਂ ਮੁਲਤਾਨ ਤੋਂ ਉੱਠ ਕੇ ਆਏ ਸਨ।

– ਅਜ਼ਾਦੀ ਤੋਂ ਪਹਿਲਾਂ ਇਸ ਬਰਾਦਰੀ ਦਾ ਰੁੱਤਬਾ ਜਾਂ ਸਥਾਨ ਪੰਜਾਬ ਵਿਚ ਇਕੋ ਜਿਹਾ ਨਹੀਂ ਸਗੋਂ ਪੰਜਾਬ ਦੇ ਵੱਖ-ਵੱਖ ਭਾਗਾਂ ਵਿਚ ਵੱਖ-ਵੱਖ ਸੀ।

* ਸਿਆਲਕੋਟ ਅਤੇ ਗੁਜਰਾਤ ਜ਼ਿਲ੍ਹਿਆਂ ਦੇ ਉਪ-ਪਾਰਬਤੀ ਭਾਗਾਂ ਵਿਚ ਅਜਰਾਉਤ ਜਾਂ ਘੋਤੜੇ ਆਪਣੇ ਆਪ ਨੂੰ ਦੂਜੀਆਂ ਜਾਤਾਂ ਦੇ ਮੁਕਾਬਲੇ ਉੱਚਾ ਸਮਝਦੇ ਸਨ।

* ਐਚ ਏ ਰੋਜ ਰਚਿਤ ਏ ਗਲਾਸਰੀ ਆਫ਼ ਦੀ ਟ੍ਰਾਇਬਸ ਐਂਡ ਕਾਸਟਸ ਆਫ਼ ਦੀ ਪੰਜਾਬ ਐਂਡ ਨਾਰਥ ਵੈਸਟ ਫਰੰਟੀਅਰ ਪ੍ਰੋਵਿੰਨਸ ਜਿਲਦ 3 ਪੰਨਾ 3 ਦੇ ਅਨੁਸਾਰ

ਡਿਸਟ੍ਰਿਕਟ ਗਜਟੀਅਰ ਆਫ਼ ਕਾਂਗੜਾ 1904 ਪੰਨਾ 87 ਅਨੁਸਾਰ 'ਕਾਂਗੜੇ ਜ਼ਿਲ੍ਹੇ ਵਿਚ ਵੀ ਘੋਤੜੇ ਆਪਣੇ ਆਪ ਨੂੰ ਦੂਜਿਆਂ ਤੋਂ ਉੱਪਰ ਸਮਝਦੇ ਸਨ।

ਸਿੱਖ ਲੁਬਾਣਿਆਂ ਦੀ ਸੈਨਾ ਵਿਚ ਗਿਣਤੀ ਆਪਣੀ ਜਨਸੰਖਿਆ ਦੇ ਮੁਕਾਬਲੇ ਬਹੁਤ ਜ਼ਿਆਦਾ ਸੀ। ਇਹਨਾਂ ਦੀਆਂ ਪਾਇਨੀਅਰ ਵਿਚ ਆਪਣੀਆਂ ਵੱਖਰੀਆਂ ਕੰਪਨੀਆਂ ਸਨ। ਪਹਿਲੇ ਮਹਾਂਯੁੱਧ ਵਿਚ ਇਨ੍ਹਾਂ ਨੇ ਬਹੁਤ ਜ਼ਿਆਦਾ ਸੈਨਿਕ ਲੜਾਈ ਦੇ ਮੈਦਾਨ ਵਿਚ ਭੇਜੇ। ਇਸ ਤਰ੍ਹਾਂ ਸਿੱਖ ਲੁਬਾਣਿਆਂ ਨੂੰ ਬ੍ਰਿਟਿਸ਼ ਸੈਨਾ ਵਿਚ ਤਰਜੀਹ ਦੇਣ ਕਾਰਨ ਇਹਨਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ। ਸਿੰਘ ਸਭਾ ਲਹਿਰ ਜੋ 1873 ਈ. ਵਿਚ ਸ਼ੁਰੂ ਹੋਈ ਨੇ ਵੀ ਲੁਬਾਣਾ ਬਰਾਦਰੀ ਵਿਚ ਸਿੱਖ ਧਰਮ ਦਾ ਪ੍ਰਸਾਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ।

● ● ●

ਦਿਸਦੇ ਨਾਲ ਪਿਆਰ ਕਰਨ ਵਾਲਿਓ, ਅਣਦਿਸਦੇ ਨਾਲ ਪਿਆਰ ਕਰਕੇ ਵੇਖੋ।

● ● ●

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

ਵੱਲੋਂ

ਸ਼੍ਰੋਮਣੀ ਭਗਤ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

ਸਾਕਾ ਸ੍ਰੀ ਨਨਕਾਣਾ ਸਾਹਿਬ

ਪਾਂਧੀ ਨਨਕਾਣਵੀ



ਸਾਕਾ ਸ੍ਰੀ ਨਨਕਾਣਾ ਸਾਹਿਬ ਫਰਵਰੀ, ੧੯੨੧ ਈ. ਨੂੰ ਗੁਰਦੁਆਰਾ ਜਨਮ ਅਸਥਾਨ ਅੰਦਰ ਵਾਪਰਿਆ। ਭਾਈ ਲਛਮਣ ਸਿੰਘ 'ਧਾਰੋਵਾਲੀ' ਕੋਈ ਦੋ ਕੁ ਸੌ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਅੰਦਰ ਪੁੱਜਿਆ। ਇਸ ਦਾ ਮੁੱਖ ਕਾਰਨ ਗੁਰਦੁਆਰਾ ਜਨਮ ਅਸਥਾਨ ਨੂੰ ਬਦਮਾਸ਼ ਤੇ ਅਯਾਸ਼ ਮਹੰਤ ਦੇ ਕਬਜ਼ੇ 'ਚੋਂ ਛੁਡਵਾਉਣਾ ਅਤੇ ਗੁਰਦੁਆਰਾ ਸਾਹਿਬ ਪਵਿੱਤਰਤਾ ਨੂੰ ਬਹਾਲ ਕਰਨਾ ਸੀ। ਪਰੰਤੂ ਮਹੰਤ ਨਰਾਇਣ ਦਾਸ ਨੇ ਮਿਸਟਰ ਕਰੀ, (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ ਲਾਹੌਰ ਡਿਵੀਜ਼ਨ) ਦੀ ਸ਼ਹਿ 'ਤੇ, ਜਨਮ-ਅਸਥਾਨ ਅੰਦਰ ਪੁੱਜੇ ਗੁਰਸਿੱਖਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਤੇ ਕੁਝ ਸਮੇਂ ਵਿਚ ਹੀ ਪਵਿੱਤਰ ਜਨਮ-ਅਸਥਾਨ ਦੀ ਧਰਤੀ ਨੂੰ ਕਰਬਲਾ ਦਾ ਮੈਦਾਨ ਬਣਾ ਕੇ ਰੱਖ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੀਨਾ ਵੀ ਗੋਲੀਆਂ ਨਾਲ ਛਲਣੀ-ਛਲਣੀ ਕੀਤਾ ਗਿਆ ਅਤੇ ਜਥੇ ਦੇ ਜਥੇਦਾਰ, ਭਾਈ ਲਛਮਣ ਸਿੰਘ ਨੂੰ, ਦਰਬਾਰ ਸਾਹਿਬ ਦੇ ਪਿਛਵਾੜੇ ਜੰਡ ਦੇ ਦਰਖ਼ਤ ਨਾਲ ਟੰਗ ਕੇ ਤੇ ਤੇਲ ਪਾ ਕੇ ਜਿਊਂਦਾ ਹੀ ਸਾੜ ਦਿੱਤਾ। ਮਹੰਤ ਨਰਾਇਣ ਦਾਸ ਦੇ ਜ਼ਰਖ਼ਰੀਦ ਬਦਮਾਸ਼ਾਂ ਤੇ ਪਠਾਣਾਂ ਨੇ ਨਿਹੱਥੇ ਅਤੇ 'ਅਰਦਾਸ' ਵਿਚ ਕੀਤੇ ਪ੍ਰਣ ਨਾਲ ਬੱਝੇ ਸੂਰਬੀਰ, ਤੇ ਨੌਜਵਾਨ ਸਿੰਘਾਂ ਦੇ ਜੀਅ-ਭਰ ਕੇ ਮੋਛੇ ਲਾਹੇ, ਤੇ ਵੱਡੇ ਵੱਡੇ ਭੱਠ ਬਾਲ ਕੇ, ਉਹਨਾਂ ਦੀਆਂ ਦੇਹਾਂ ਦੇ ਅੰਗਾਂ ਨੂੰ ਸਾੜ ਕੇ ਇਸ 'ਕਤਲੇ-ਆਮ' ਦਾ ਨਾਮੋ ਨਿਸ਼ਾਨ ਮਿਟਾਉਣ ਦੇ ਅਸਫਲ ਯਤਨ ਕੀਤੇ।

ਸਮੁੱਚੇ ਦੇਸ਼, ਵਿਸ਼ੇਸ਼ ਕਰਕੇ ਸਿੱਖ ਜਗਤ ਵਿਚ ਹਾ-ਹਾ ਕਾਰ ਮੱਚ ਗਈ ਤੇ ਕਈ ਹਜ਼ਾਰਾਂ ਸਿੱਖ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ। ਸਪੱਸ਼ਟ ਸੀ ਕਿ ਇਤਨਾ ਕਹਿਰ ਇਕੱਲਾ ਮਹੰਤ ਨਹੀਂ ਸੀ ਕਰ ਸਕਦਾ, ਇਸ ਵਿਚ ਅੰਗਰੇਜ਼ ਹਾਕਮਾਂ ਦੀ ਮਿਲੀ-ਭੁਗਤ ਕੰਮ ਕਰਦੀ ਸੀ। ਪਹਿਲਾਂ ਹਾਕਮਾਂ ਨੇ ਗੁਰਦੁਆਰਾ ਜਨਮ-ਅਸਥਾਨ ਫੌਜ ਦੇ ਹਵਾਲੇ ਕਰ ਦਿੱਤਾ। ਬਾਅਦ ਵਿਚ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਭਾਈ ਕਰਤਾਰ ਸਿੰਘ 'ਝੱਬਰ' ਦੇ ਲਲਕਾਰਨ ਉਪਰੰਤ ਸਿੱਖ-ਪੰਥ ਦੇ ਹਵਾਲੇ ਕਰ ਦਿੱਤੀਆਂ। ੨੦ ਫਰਵਰੀ ਦੀ ਰਾਤ ਨੂੰ ਹੀ ਸਿੱਖਾਂ ਵਰਗੀ ਸਿੱਧੜ ਕੌਮ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਆਪਣੇ ਚਹੇਤੇ ਮਹੰਤ, ਹਰੀ ਨਾਥ ਸਾਧ ਤੇ ੨੬ ਪਠਾਣਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਦੀ ਸੈਂਟਰਲ ਜੇਲ੍ਹ ਭਿਜਵਾ ਦਿੱਤਾ ਗਿਆ ਤਾਂ ਜੋ ਸਿੱਖ-ਹਿਰਦਿਆਂ ਨੂੰ ਸ਼ਾਂਤ ਕੀਤਾ ਜਾ ਸਕੇ। ਦੇਸ਼ ਭਰ ਦੇ ਪ੍ਰਮੁੱਖ ਹਿੰਦੂ ਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਨੇ ਇਕ ਆਵਾਜ਼ ਹੋ ਕੇ ਅੰਗਰੇਜ਼ ਰਾਜ ਦੇ ਬਖ਼ੀਏ ਉਧੇੜੇ ਅਤੇ ਮੰਗ ਕੀਤੀ ਕਿ ਮਹੰਤ ਨਰਾਇਣ ਦਾਸ ਅਤੇ ਉਸ ਦੇ ਜ਼ਰਖ਼ਰੀਦ ਗੁੰਡਿਆਂ ਤੋਂ ਇਲਾਵਾ, ਮਿ. ਕਰੀ (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ) ਉੱਤੇ ਵੀ ਮੁਕੱਦਮਾ ਚਲਾਇਆ ਜਾਏ, ਜਿਨ੍ਹਾਂ ਦੀ ਉਤੇਜਨਾ ਉੱਤੇ ਇਤਨਾ ਵੱਡਾ 'ਸਾਕਾ' ਵਰਤਿਆ ਸੀ।

੩ ਮਾਰਚ, ੧੯੨੧ ਨੂੰ ਮਹਾਤਮਾ ਗਾਂਧੀ ਵੀ ਸ੍ਰੀ ਨਨਕਾਣਾ ਸਾਹਿਬ ਪਹੁੰਚੇ। ਉਹ ਰੇਲਵੇ ਸਟੇਸ਼ਨ ਤੋਂ ਪੈਦਲ ਹੀ ਸੰਗਤਾਂ ਨਾਲ ਗੁਰਦੁਆਰਾ ਜਨਮ-ਅਸਥਾਨ ਪਹੁੰਚੇ। ਗੁਰੂ ਬਾਬੇ ਦੇ ਪਵਿੱਤਰ ਦਰਬਾਰ ਅੱਗੇ ਸੀਸ ਝੁਕਾਇਆ ਅਤੇ ਫਿਰ ਸਮੁੱਚੀ ਪ੍ਰਕਰਮਾ ਦਾ ਜਾਇਜ਼ਾ ਲਿਆ। ਫਰਸ਼ 'ਤੇ ਖ਼ੂਨ ਦੇ ਨਿਸ਼ਾਨ 'ਜੰਡ' ਦਾ ਧੁਆਂਖਿਆ ਹੋਇਆ ਤਨਾ, ਦਰਬਾਰ ਸਾਹਿਬ ਦੇ ਟੁੱਟੇ ਫੁੱਟੇ ਕਿਵਾੜ। ਫਿਰ ਸਜੇ ਹੋਏ ਦੀਵਾਨ ਵਿਚ ਬੋਲਦਿਆਂ ਹੋਇਆਂ ਆਪ ਨੇ ਸਾਕੇ ਨੂੰ 'ਡਾਇਰਸ਼ਾਹੀ ਦੀ ਦੂਜੀ ਐਡੀਸ਼ਨ' ਕਰਾਰ ਦਿੱਤਾ। ਆਪ ਨੇ ਆਪਣੇ ਭਾਸ਼ਣ ਵਿਚ ਹਾਕਮਾਂ ਪਾਸੋਂ ਪੁੱਛ ਕੀਤੀ ਕਿ ਜਦੋਂ ਮਹੰਤ ਜੱਥੇ ਦੇ ਸਿੱਖਾਂ ਨੂੰ ਮਾਰ-ਮੁਕਾਉਣ ਦੀ ਇਤਨੀ ਵੱਡੀ ਤਿਆਰੀ ਕਰ ਰਿਹਾ ਸੀ, ਤਾਂ ਹਾਕਮਾਂ ਨੇ ਕਿਉਂ ਨਾ ਮਹੰਤ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ? ਆਪ ਨੇ ਸਪੱਸ਼ਟ ਕਿਹਾ ਕਿ ਇਤਨਾ ਵੱਡਾ ਕਰਮ ਇਕੱਲਾ ਮਹੰਤ ਨਹੀਂ ਸੀ ਵਰਤਾ ਸਕਦਾ। ਇਹ ਸਭ ਹਾਕਮਾਂ ਦੀ ਮਿਲੀ-ਭੁਗਤ ਦਾ ਨਤੀਜਾ ਸੀ। ਸਿੱਖ ਅਕਾਲੀ ਇਹ ਮੰਗ ਕਰਦ ਰਹੇ ਸਨ ਕਿ ਇਸ ਸੰਬੰਧ ਵਿਚ ਦੋ ਮੁਕੱਦਮੇ ਬਣਾਏ ਜਾਣ- ਇਕ ਮਹੰਤ ਅਤੇ ਉਸ ਦੇ ਕਰਿੰਦੇ ਕਾਤਲਾਂ ਦੇ ਬਰਖ਼ਿਲਾਫ, ਦੂਜਾ ਮਿ. ਕਰੀ ਅਤੇ ਮਿ. ਕਿੰਗ ਦੇ ਬਰਖ਼ਿਲਾਫ ਜਿਨ੍ਹਾਂ ਨੇ ਇਹ ਸਾਕਾ ਵਰਤਾਉਣ ਵਿਚ ਮਹੰਤ ਨਰਾਇਣ ਦਾਸ ਦੀ ਅੱਖਾਂ ਮੀਟ ਕੇ ਸਹਾਇਤਾ ਕੀਤੀ ਸੀ। ਇਸ ਰੋਲੇ-ਗੋਲੇ ਵਿਚ ਮਿ. ਕਰੀ ਨੂੰ ਤਾਂ ਛੁੱਟੀ ਦੇ ਦਿੱਤੀ ਗਈ। ਪਰੰਤੂ ਮਿ. ਕਿੰਗ ਨੂੰ ਅਦਾਲਤ ਦੇ ਕਟਿਹੜੇ ਵਿਚ

ਖੜ੍ਹਾ ਕਰਨ ਦੀ ਥਾਂ ਹਿੰਦ-ਸਰਕਾਰ ਵੱਲੋਂ, ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਨਿਯੁਕਤ ਕਰ ਦਿੱਤਾ ਗਿਆ, ਤਾਂ ਜੋ ਉਹ ਮਹੰਤ ਨਰਾਇਣ ਦਾਸ ਦੇ ਮੁਕੱਦਮੇ ਉੱਤੇ ਅਸਰ ਅੰਦਾਜ਼ ਹੋ ਸਕੇ। ਫਿਰ ਮਿ. ਕੰਗ ਨੇ ਉਹ ਸਮੁੱਚੀਆਂ ਲੂੰਬੜ -ਚਾਲਾਂ ਦਾ ਸਹਾਰਾ ਲਿਆ, ਜਿਸ ਰਾਹੀਂ ਮਹੰਤ ਨੂੰ ਫਾਂਸੀ ਦੇ ਫੰਧੇ ਤੋਂ ਬਚਾਇਆ ਜਾ ਸਕੇ। ਪੰਜਾਬ ਸਰਕਾਰ ਨੇ ਮਿ. ਡੇਵਿਡ ਪੈਟਰੀ, ਡੀ.ਆਈ.ਜੀ. (ਜਸੂਸੀ ਵਿਭਾਗ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਇਹ ਉਹੀ ਬਦਨਾਮ ਉੱਚ ਅਧਿਕਾਰੀ ਸੀ ਜਿਸ ਨੇ ਬਜ-ਬਜ ਘਾਟ, ਕਲਕੱਤੇ ਦੇ 'ਕਾਮਾ-ਗਾਟਾ ਮਾਰੂ ਜਹਾਜ਼ ਦੇ ਨਿਹੱਥੇ ਮੁਸਾਫਿਰਾਂ 'ਤੇ ਗੋਲੀ ਚਲਾਉਣ ਵਿਚ ਸਹਾਇਤਾ ਕੀਤੀ ਸੀ ਅਤੇ ੧੯੧੫ ਦੇ ਪਹਿਲੇ ਕ੍ਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਹਿੰਦ-ਸਰਕਾਰ ਦਾ ਸਹਾਇਕ ਬਣਿਆ। ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਦਾ ਇਕ ਨਵਾਂ ਦੌਰ ਚਲਾ ਦਿੱਤਾ ਤਾਂ ਜੋ ਮੌਕੇ ਦੇ ਗਵਾਹਾਂ ਦੇ ਬਿਆਨਾਂ ਨੂੰ ਆਪਣੇ ਹੱਕ ਵਿਚ ਕੀਤਾ ਜਾ ਸਕੇ, ਅਤੇ ਸਾਕੇ ਪਿੱਛੋਂ ਜੋ ਅਕਾਲੀਆਂ ਦੀ ਚੜ੍ਹ ਮੱਚੀ ਸੀ, ਉਸ ਤਾਕਤ ਨੂੰ ਤੋੜਿਆ ਜਾ ਸਕੇ। ਸਾਕੇ ਦੇ ਪੰਦਰਾਂ ਕੁ ਦਿਨਾਂ ਪਿੱਛੋਂ ਹੀ (੧੫ ਮਾਰਚ) ਅਕਾਲੀਆਂ ਨੂੰ ਇਹ ਇਨਸਾਫ ਦਿੱਤਾ ਗਿਆ ਕਿ ਉਲਟਾ ਉਹਨਾਂ ਦੇ ਹੀ ਆਗੂਆਂ ਨੂੰ ਫੜ ਫੜ ਕੇ ਜੇਹਲੀਂ ਸੁੱਟ ਦਿੱਤਾ ਗਿਆ। ਕੋਈ ੧੦੦ ਦੇ ਕਰੀਬ ਪ੍ਰਸਿੱਧ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ। ਭਾਈ ਕਰਤਾਰ ਸਿੰਘ 'ਝੱਬਰ' ਨੂੰ ਸ੍ਰੀ ਨਨਕਾਣਾ ਸਾਹਿਬ ਤੇ ਗੁਰਦੁਆਰਾ 'ਕਿਆਰਾ ਸਾਹਿਬ' ਤੋਂ ਸਣੇ ਉਨ੍ਹਾਂ ਦੇ ਜੱਥੇ ਦੇ, ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਵਿਚ, ਸਪੈਸ਼ਲ ਤੇ ਐਡੀਸ਼ਨਲ ਜੱਜ, ਮਿ. ਜੇ. ਈ. ਕਿਊ ਦੀ ਅਦਾਲਤ ਵਿਚ ਫੜੇ ਗਏ ਅਕਾਲੀਆਂ ਵਿਰੁੱਧ ਡਾਕੇ ਮਾਰਨ, ਘਰ ਭੰਨਣ ਆਦਿ ਝੂਠੇ ਮੁਕੱਦਮੇ ਚਲਾਏ ਗਏ ਅਤੇ ਜਿਤਨੀ ਸਜ਼ਾ ਇਹ ਅਦਾਲਤ ਦੇ ਸਕਦੀ ਸੀ, ਦਿੱਤੀ। ਮਿਸਾਲ ਦੇ ਤੌਰ 'ਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ੯ ਸਾਲ ਕੈਦ ਲਾਹੌਰ ਸਿੰਘ ਨੂੰ ੯ ਸਾਲ ਤੇ ਭਾਈ ਕਰਤਾਰ ਸਿੰਘ 'ਝੱਬਰ' ਨੂੰ ੧੮ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾਵਾਂ ਸੁਣ ਕੇ ਫਿਰ ਸਮੁੱਚੇ ਪੰਥ ਵਿਚ ਹਾ-ਹਾ ਕਾਰ ਮੱਚ ਗਈ। ਪਰੰਤੂ ਕੁਝ ਸਮੇਂ ਪਿੱਛੋਂ ਹੀ ਭਾਈ ਕਰਤਾਰ ਸਿੰਘ 'ਝੱਬਰ' ਆਦਿ ਆਗੂ ਸਰਕਾਰ ਦੀਆਂ ਸ਼ਰਤਾਂ 'ਤੇ ਰਿਹਾਅ ਹੋ ਕੇ ਆ ਗਏ। ਅਕਾਲੀ ਤਹਿਰੀਕ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਪੰਜਾਬ ਸਰਕਾਰ ਨੇ ਹਰ ਹੀਲਾ ਵਰਤਿਆ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਸਿੱਖਾਂ, ਵਿਸ਼ੇਸ਼ ਕਰਕੇ ਅਕਾਲੀਆਂ ਵਿਰੁੱਧ, ਆਪਣੀਆਂ ਪ੍ਰਾਪੇਗੰਡਾ ਏਜੰਸੀਆਂ ਰਾਹੀਂ ਭੜਕਾਉਣਾ ਚਾਹਿਆ, ਤਾਂ ਜੋ ਇਹ ਕੌਮਾਂ ਆਪਸ ਵਿਚ ਲੜ ਮਰਨ ਅਤੇ ਇਉਂ ਅਕਾਲੀ ਲਹਿਰ ਦੀ ਪਵਿੱਤਰਤਾ ਨੂੰ ਦਾਗ਼ਦਾਰ ਕੀਤਾ ਜਾ ਸਕੇ। ਪਰੰਤੂ, ਸ੍ਰੋ. ਕਮੇਟੀ ਦੇ ਪ੍ਰਾਪੇਗੰਡਾ ਕਮੇਟੀ ਦੇ ਇੰਚਾਰਜ ਤੇ ਪ੍ਰਸਿੱਧ ਨੀਤੀਵਾਨ, ਸ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ ਸਰਕਾਰ ਦੇ ਇਸ ਨਵੇਂ ਪੈਂਤੜੇ ਨੂੰ ਨਾ-ਕਾਮ ਬਣਾ ਕੇ ਰੱਖ ਦਿੱਤਾ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਦੇ ਐਡੀਟਰਾਂ ਨੂੰ ਖ਼ੁਦ ਸ੍ਰੀ ਨਨਕਾਣਾ ਸਾਹਿਬ ਜਾ ਕੇ ਪੁੱਛ-ਪੜਤਾਲ ਕਰਨ ਦਾ ਸੱਦਾ ਦਿੱਤਾ। ਇੰਝ ਪੁੱਛ-ਪੜਤਾਲ ਪਿੱਛੋਂ, ਸੱਯਦ ਹਬੀਬ, ਐਡੀਟਰ 'ਸਿਆਸਤ' ਨੇ ਕਿਹਾ - ਅਕਾਲੀ ਜੱਥਿਆਂ ਦੇ ਮੈਂਬਰ ਪਾਕ ਆਦਮੀ ਹਨ। ਉਹਨਾਂ ਦੀ ਪਿਛਲੀ ਜ਼ਿੰਦਗੀ ਕੁਝ ਵੀ ਹੋਏ, ਉਹ ਹੁਣ ਧਾਰਮਿਕ ਜਜ਼ਬੇ ਤੋਂ ਪੈਦਾ ਹੋਏ ਜੋਸ਼ ਨਾਲ ਉਤਸ਼ਾਹਤ ਹਨ।

੧੧ ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਚ ਹਿੰਦੂਆਂ ਦੀ ਇਕ ਸਾਂਝੀ ਮੀਟਿੰਗ ਨੇ ਮਤਾ ਪਾਸ ਕੀਤਾ -"ਜਿਸ ਵਕਤ ਤੋਂ ਨਨਕਾਣੇ ਵਿਚ ਸਿੱਖ ਆਏ ਹਨ, ਉਹਨਾਂ ਦਾ ਹਿੰਦੂਆਂ, ਮੁਸਲਮਾਨਾਂ ਨਾਲ ਸਲੂਕ ਹਮਦਰਦੀ ਭਰਿਆ ਤੇ ਸ਼ਲਾਘਾ-ਯੋਗ ਹੈ। ਉਹ ਦੂਜਿਆਂ ਦੇ ਧਰਮਾਂ ਚਿ ਕੋਈ ਦਖ਼ਲ ਨਹੀਂ ਦੇਂਦੇ। ਅਸੀਂ ਦੁਸ਼ਮਣ ਵੱਲੋਂ ਫੈਲਾਈਆਂ ਕੂੜੀਆਂ ਅਫਵਾਹਾਂ ਦੀ ਪੁਰਜ਼ੋਰ ਤਰਦੀਦ ਕਰਦੇ ਹਾਂ।"

ਅਤੇ ਹੰਸ ਰਾਜ (ਬੈਰਿਸਟਰ, ਜਲੰਧਰ) ਨੇ ਕਿਹਾ ਕਿ ਅਸੀਂ ਉਸ ਬੰਧੇਜ ਤੇ ਸ਼ਾਂਤੀ ਦੀ ਜਿਹੜੀ ਖ਼ਾਲਸੇ ਨੇ ਦਿਖਾਈ, ਤਾਰੀਫ ਕਰਨ ਲਈ ਮਜ਼ਬੂਰ ਹੋਏ ਆਂ।


ਪਰੰਤੂ ਇਸ ਮੁੱਦੇ 'ਤੇ ਅੰਗਰੇਜ਼ ਹਾਕਮਾਂ ਨੂੰ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਕਮੇਟੀ ਵਿਚ ਸ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ੀ ਸਰਕਾਰ ਨਾਲ ਨਾ ਮਿਲਵਰਤਣ ਦਾ ਮਤਾ, ੧੧ ਮਈ, ੧੯੨੧ ਨੂੰ ਪੇਸ਼ ਕੀਤਾ, ਜਿਸ 'ਤੇ ਚੀਫ ਖਾਲਸਾ ਦੀਵਾਨ ਨਾਲ ਸੰਬੰਧਿਤ ਕਮੇਟੀ ਦੇ ਪ੍ਰਧਾਨ. ਸ੍. ਹਰਬੰਸ ਸਿੰਘ 'ਅਟਾਰੀ' ਅਤੇ ਪ੍ਰੋ. ਜੋਧ ਸਿੰਘ ਆਦਿ ਅਸਤੀਫੇ ਦੇ ਗਏ ਅਤੇ ਮਤਾ ਪਾਸ ਹੋ ਗਿਆ। ਇਹ ਲੋਕ ਅੰਗਰੇਜ਼ ਹਾਕਮਾਂ ਨਾਲ ਵਿਗਾੜ ਪੈਦਾ ਕਰਨ ਦੇ ਹੱਕ ਵਿਚ ਨਹੀਂ ਸਨ ਅਤੇ ਹਾਕਮਾਂ ਨਾਲ ਮਿਲਵਰਤਨ ਕਰ ਕੇ ਸਿੱਖ ਕੌਮ ਲਈ ਰਿਆਇਤਾਂ ਲੈਣੀਆਂ ਚਾਹੁੰਦੇ ਸਨ। ਇਹਨਾਂ ਉਪਰੋਕਤ ਹਾਲਤਾਂ ਵਿਚ ਹੇਠਲੀ ਅਦਾਲਤ ਨੇ ਮਹੰਤ ਨਰਾਇਣ ਦਾਸ, ਹਰੀ ਨਾਥ ਜੋਗੀ, ਮਹੰਤ ਰਿਹਾਣਾ ਆਦਿ ਨੂੰ ਮੌਤ ਦੀ ਸਜ਼ਾ ਸੁਣਾਈ। ਪੰਰਤ ਮਹੰਤ ਨਰਾਇਣ ਦਾਸ ਨੇ ਆਪਣਏ ਕੇਸ ਦੀ ਪੈਰਵੀ ਲਈ, ਹਾਈ ਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ ਅਤੇ ਹੱਸਨ ਇਮਾਮਾ ਨਾਂ ਦੇ ਵਕੀਲ ਨੂੰ ਪੈਰਵੀ ਲਈ 'ਪਟਨੇ' ਤੋਂ ਬੁਲਾਇਆ। ਵਕੀਲ ਨੇ ਅਦਾਲਤ ਦੇ ਰੂ-ਬ-ਰੂ ਮਹੰਤ ਅਤੇ ਉਸ ਦੇ ਚਾਟੜਿਆਂ ਨੂੰ ਬਚਾਉਣ ਲਈ ਇਸ ਪ੍ਰਕਾਰ ਦੀਆਂ ਦਲੀਲਾਂ ਦਿੱਤੀਆਂ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਇਨਸਾਨੀਅਤ ਦਾ ਸਿਰ ਮਾਰੇ ਸ਼ਰਮ ਦੇ ਝੁਕ ਜਾਂਦਾ ਹੈ। ਆਪ ਨੇ ਆਖਿਆ - "ਸਰਕਾਰ ਵੱਲੋਂ ਰੱਖਿਆ ਨਾ ਮਿਲ ਸਕਣ ਕਾਰਨ ਮਹੰਤ ਨੂੰ ਹੱਕ ਪਹੁੰਚਦਾ ਸੀ ਕਿ ਉਹ ਆਪਣੀ ਹਿਫਾਜ਼ਤ ਲਈ ਕਦਮ ਉਠਾਵੇ, ਪਠਾਣਾਂ ਨੂੰ ਪਹਿਰੇਦਾਰ ਰੱਖੇ ਅਤੇ 'ਰਾਂਝੇ' ਅਤੇ 'ਰਿਹਾਣੇ' ਵਰਗੇ ਚੰਗੇ ਲੜਾਕੂ ਬਾਹਰੋਂ ਲਿਆਵੇ।

ਉਹ (ਨਰਾਇਣ ਦਾਸ ਮਹੰਤ) ਬਿਲਾ-ਸ਼ੱਕ ਨਿਰਾਸ਼ਤਾ ਅਤੇ ਮਜ਼ਲੂਮੀਅਤ ਦੇ ਡੂੰਘੇ ਅਹਿਸਾਸਾਂ ਦਾ ਸ਼ਿਕਾਰ ਹੋ ਗਿਆ ਸੀ ਅਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਉਸ ਨੇ ਇਹੋ ਜਿਹਾ ਕਾਰਾ ਕੀਤਾ।"

ਇਹਨਾਂ ਦਲੀਲਾਂ ਦੀ ਬਿਨਾ 'ਤੇ ਅੰਤ ਜੱਜ ਸਾਹਿਬਾਨ ਨੇ ਮਹੰਤ ਨਰਾਇਣ ਦਾਸ ਦੀ ਫਾਂਸ਼ੀ ਦੀ ਸਜ਼ਾ, ਉਮਰ ਕੈਦ ਵਿਚ ਬਦਲ ਦਿੱਤੀ, ਅਤੇ ਮਹੰਤ ਦੇ ਸਹਿਯੋਗੀ ਮੁਲਾਜ਼ਮਾਂ ਜਿਹਾ ਕਿ ਰਾਂਝਾ, ਰਿਹਾਣਾ ਅਤੇ ਹਰੀ ਨਾਥ (ਜੋਗੀ) ਦੀ ਸਜ਼ਾ ਫਾਂਸੀ ਬਰ-ਕਰਾਰ ਰੱਖੀ। ਜੱਜ ਸਾਹਿਬਾਨ ਨੇ ਦੋ ਪਠਾਣਾਂ ਦੀ ਉਮਰ ਕੈਦ ਦੀ ਸਜ਼ਾ ਬਹਾਲ ਰੱਖਦਿਆਂ ਹੋਇਆਂ ਬਾਕੀ ਸਮੂਹ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਪਰੰਤੂ ਰੱਖਿਆ ਨਾ ਦੇਣ ਵਾਲੇ ਹਾਕਮਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ?

ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥ (ਅੰਗ 50)

ਪ੍ਰਿੰਸੀਪਲ
ਪ੍ਰੀਤ ਮਹਿੰਦਰ ਪਾਲ ਸਿੰਘ
(ਸੇਵਾ ਮੁਕਤ)



ਗੁਰੂ ਨੂੰ ਮਿਲ ਕੇ ਜੀਵਨ-ਜਾਂਚ ਸਿੱਖ, ਚੰਗਾ ਆਚਰਨ ਬਣਾਉਣਾ ਸਿੱਖ, ਤੈਨੂੰ ਕਦੇ ਕੋਈ ਦੁਖ ਨਹੀਂ ਵਿਆਪੇਗਾ। ਗੁਰੂ ਗ੍ਰੰਥ ਸਾਹਿਬ ਵਿਚ ਜ਼ਿੰਦਗੀ ਦੇ ਹਰ ਇਕ ਪੱਖ ਨਾਲ ਸਬੰਧਤ ਸਮੱਸਿਆ ਦਾ ਹੱਲ ਅਤੇ ਇਕ ਵੱਖਰਾ ਦ੍ਰਿਸ਼ਟੀਕੋਣ ਉਪਲੱਬਧ ਹੈ। ਕਿਰਤ ਕਰਨਾ, ਹੱਕ ਹਲਾਲ ਦੀ ਕਮਾਈ ਕਰਨੀ ਅਤੇ ਵੰਡ ਛਕਣਾ ਦਾ ਜ਼ਿਕਰ ਮਿਲਦਾ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥

(ਅੰਗ 1245)

ਘਾਲ ਕਮਾਈ ਕਰਕੇ ਖਾਣ ਪੀਣ ਦੇ ਨਾਲ-ਨਾਲ ਇਹ ਵੀ ਹਦਾਇਤ ਹੈ ਕਿ ਜ਼ਿੰਦਗੀ ਨੂੰ ਰੋ ਪਿੱਟ ਕੇ ਜਾਂ ਪ੍ਰੇਸ਼ਾਨੀ ਵਿਚ ਬਤੀਤ ਨਹੀਂ ਕਰਨੀ ਸਗੋਂ ਨੇਕ ਕਮਾਈ ਦੇ ਨਾਲ-ਨਾਲ ਹੱਸਣਾ-ਖੇਡਣਾ, ਚੰਗੇ ਵਸਤਰ ਪਾਉਣੇ ਆਦਿ ਨਾਲ ਉਸ ਅਕਾਲ ਪੁਰਖ ਦੀ ਅਰਾਧਨਾ ਵੀ ਕਰਨੀ ਹੈ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥

ਹਸੰਦਿਆ ਖੇਲੰਦਿਆ ਪੈਨ੍ਹੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ (ਅੰਗ-522)

ਭਾਰਤ ਵਿਚ ਆਮ ਰਿਵਾਜ਼ ਸੀ ਕਿ ਕੁਝ ਲੋਕ ਪ੍ਰਭੂ ਪ੍ਰਾਪਤੀ ਵਾਸਤੇ ਜੰਗਲਾਂ ਵਿਚ ਚਲੇ ਜਾਂਦੇ ਤਾਂ ਸੰਸਾਰ ਨਾਲੋਂ ਆਪਣਾ ਨਾਤਾ ਤੋੜ ਕੇ ਭਗਤੀ ਤਪ ਵਗੈਰਾ ਕਰਦੇ ਤਾਂ ਜੋ ਪ੍ਰਭੂ ਪ੍ਰਾਪਤੀ ਹੋ ਸਕੇ ਪਰ ਪੇਟ ਪੂਜਾ ਵਾਸਤੇ ਗ੍ਰਿਹਸਤੀ ਲੋਕਾਂ ਦੇ ਘਰ-ਘਰ, ਦਰਵਾਜ਼ੇ ਤੇ ਭਿੱਖਿਆ ਮੰਗਦੇ ਆਦਿਕ। ਪਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ (ਜਪੁ ਜੀ ਸਾਹਿਬ) ਪਹਿਲੀ ਪਾਉੜੀ ਵਿਚ ਹੀ ਸਪੱਸ਼ਟ ਕਰ ਦਿੱਤਾ ਕਿ ਪ੍ਰਮਾਤਮਾ ਨੂੰ ਪਾਉਣ ਲਈ ਇਹਨਾਂ ਪਖੰਡਾਂ ਦੀ ਜ਼ਰੂਰਤ ਨਹੀਂ ਸਗੋਂ ਕਿਹਾ '**ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ**' ਗੁਰੂ ਗ੍ਰੰਥ ਸਾਹਿਬ ਵਿਚ ਸਾਰੀ ਮਾਨਵਤਾ ਨੂੰ ਹਦਾਇਤ ਹੈ ਕਿ ਦੂਜੇ ਦਾ ਹੱਕ ਨਹੀਂ ਖਾਣਾ ਅਤੇ ਆਪਣਾ ਕੰਮ ਆਪ ਕਰਨਾ ਕਿਸੇ ਤੇ ਨਿਰਭਰ ਨਹੀਂ ਹੋਣਾ।

ਜੋ ਆਇਆ ਸੋ ਚਲਸੀ ਸਭੁ ਕੋ ਆਈ ਵਾਰੀ ਐ।

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥ (ਅੰਗ-474)

ਚੰਗਾ ਚੱਜ ਅਚਾਰ ਵੀ ਮਨੁੱਖ ਨੂੰ ਨੇਕ ਕਰਮ ਕਰਨ, ਚੰਗਾ ਸੋਚਣ ਅਤੇ ਦੂਜਿਆਂ ਦੀ ਸਹਾਇਤਾ ਕਰਨ ਲਈ ਪ੍ਰੇਰਦਾ ਹੈ।

ਲੋਭਾਦਿ ਦ੍ਰਿਸਟਿ ਪਰਗ੍ਰਿਹੰ ਜਦਿ ਬਿਧਿ ਆਚਰਣੰ ॥ (ਅੰਗ-526)

ਭਾਵ ਹੇ ਮਨੁੱਖ ਜੇ ਤੂੰ ਚੰਗੇ ਚਾਲ ਚਲਣ ਦਾ ਧਾਰਨੀ ਹੋਵੇਗਾ ਤਾਂ ਤੂੰ ਪਰਾਇਆ ਹੱਕ ਨਹੀਂ ਖੋਹੇਗਾ ਅਤੇ ਨਾ ਹੀ ਪਰਾਈ ਇਸਤਰੀ ਵੱਲ ਮਾੜੀ ਨਜ਼ਰ ਰੱਖੇਗਾ। ਸਬਰ ਤੇ ਸੰਤੋਖ ਦਾ ਧਾਰਨੀ ਬਣ ਜਾਵੇਂਗਾ।

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥

ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥ (ਅੰਗ-1245)

ਸੰਤੋਖੀ ਮਨੁੱਖ ਉਸ ਅਕਾਲ ਪੁਰਖ ਦੀ ਰਜਾ ਵਿਚ ਰਹਿੰਦਾ ਹੈ ਤੇ ਜੋ ਦੁਨਿਆਵੀ ਪਦਾਰਥ ਪ੍ਰਾਪਤ ਹੁੰਦੇ ਹਨ ਉਸ ਵਿਚ ਹੀ ਧੀਰਜ ਨਾਲ ਜਿਉਂਦਾ ਹੈ। ਕਿਸੇ ਕਿਸਮ ਦਾ ਉਸ ਪ੍ਰਮਾਤਮਾ ਅੱਗੇ ਗਿਲਾ ਸ਼ਿਕਵਾ ਨਹੀਂ ਕਰਦਾ।

ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ ॥

ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥ (ਅੰਗ-1379)

ਮਨੁੱਖ ਜਿਤਨਾ ਵੀ ਧਨਾਢ ਹੋ ਜਾਵੇ ਪਰ ਉਸ ਦੀ ਸੰਤੋਖ ਤੋਂ ਬਿਨਾਂ ਸੰਤੁਸ਼ਟੀ ਨਹੀਂ ਹੁੰਦੀ।

ਅਨਿਕ ਭੋਗ ਬਿਖਿਆ ਕੇ ਕਰੈ ॥

ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥

ਬਿਨਾ ਸੰਤੋਖ ਨਹੀ ਕੋਊ ਰਾਜੇ ॥

ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ **(ਅੰਗ-279)**

ਸੰਤੋਖ ਤੋਂ ਬਿਨਾਂ ਇਕ ਕਰੋੜਪਤੀ ਵੀ ਕੰਗਾਲ ਹੈ। ਸੰਤੋਖ ਸਿਰਫ਼ ਤੇ ਸਿਰਫ਼ ਸਿਮਰਨ ਨਾਲ ਹੀ ਪ੍ਰਾਪਤ ਹੁੰਦਾ ਹੈ। ਫਿਰ ਉਹ ਮੰਗਤਾ ਨਹੀਂ ਦਾਸ ਬਣ ਜਾਵੇਗਾ।

ਨਾਮ ਰਤਨ ਜਿਨਿ ਪਾਇਆ ਦਾਨੁ ॥

ਤਿਸੁ ਜਨ ਹੋਏ ਸਗਲ ਨਿਧਾਨ ॥

ਸੰਤੋਖ ਆਇਆ ਮਨਿ ਪੂਰਾ ਪਾਇ ॥

ਫਿਰਿ ਫਿਰਿ ਮਾਗਨ ਕਾਹੇ ਜਾਇ ॥ **(ਅੰਗ-891)**

ਸੰਤੋਖ ਦੇ ਖਜ਼ਾਨੇ ਅੱਗੇ ਬਾਕੀ ਸਾਰੇ ਖਜ਼ਾਨੇ ਬੇਮਾਅਨੇ ਹਨ। ਅਸਲ ਵਿਚ ਜਦੋਂ ਮਨੁੱਖ ਇਸ ਅਵਸਥਾ ਵਿਚ ਆਉਂਦਾ ਹੈ ਤਾਂ ਪ੍ਰਮਾਤਮਾ ਨੂੰ ਵੀ ਇਹ ਚੰਗਾ ਲੱਗਣ ਲੱਗ ਜਾਂਦਾ ਹੈ।

ਸਤੁ ਸੰਤੋਖ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥

ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਤਿ ਸਮਾਏ ॥ (ਅੰਗ-764)

ਚੰਗੇ ਕਰਮ ਕਰਨ ਨਾਲ ਮਨੁੱਖ ਭਟਕਦਾ ਨਹੀਂ ਜਿਸ ਕਰਕੇ ਉਸ ਦਾ ਚਾਲ ਚਲਣ ਮੈਲਾ ਨਹੀਂ ਹੁੰਦਾ, ਪਲੀਤ ਨਹੀਂ ਹੁੰਦਾ।

ਕਰਿ ਆਚਾਰ ਸਚੁ ਸੁਖੁ ਹੋਈ ॥ **(ਅੰਗ-931)**

ਸਦ ਆਚਾਰੀ ਮਨੁੱਖ ਦੂਜਿਆਂ ਦੇ ਹੱਕਾਂ ਤੇ ਛਾਪੇ ਨਹੀਂ ਮਾਰਦਾ, ਕਿਸੇ ਦਾ ਦਿਲ ਨਹੀਂ ਦੁਖਾਉਂਦਾ, ਸਾਰਿਆਂ ਨੂੰ ਪ੍ਰੇਮ ਕਰਦਾ ਹੈ।

ਜੇ ਤਉ ਮਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ। (ਅੰਗ-1384)

ਕਿਉਂਕਿ ਸੱਚ ਕਦੇ ਪੁਰਾਣਾ ਨਹੀਂ ਹੁੰਦਾ, ਕਿਸੇ ਨੂੰ ਗੁੰਮਰਾਹ ਨਹੀਂ ਕਰਦਾ, ਕਿਸੇ ਦੀ ਜ਼ਿੰਦਗੀ ਨੂੰ ਸਗੋਂ ਸਹੀ ਰਾਹ ਤੇ ਤੋਰਦਾ ਹੈ। ਇਸ ਦਾ ਧਾਰਨੀ ਸਭ ਪਾਸੇ ਮਾਣ ਪ੍ਰਾਪਤ ਕਰਦਾ ਹੈ।

ਸਚਹੁ ਓਰੈ ਸਚੁ ਕੋ ਉਪਹਿ ਸਚੁ ਆਚਾਰੁ ॥ **(ਅੰਗ-62)**

ਸੱਚ ਦੇ ਅਧਾਰਿਤ ਜੀਵਨ ਬਹੁਤ ਸਰਲ ਪਰ ਕਠਨ ਹੁੰਦਾ ਹੈ ਕਿਉਂਕਿ ਸੱਚ ਕੌੜਾ ਹੁੰਦਾ ਹੈ। ਇਸ ਵਿਚ ਵੀ ਅਤਕਥਨੀ ਨਹੀਂ ਕਿ ਜਿਤਨਾ ਮਰਜ਼ੀ ਝੂਠ ਬੋਲ ਲਵੋ ਆਖਿਰ ਜਿੱਤ ਸੱਚ ਦੀ ਹੁੰਦੀ ਹੈ।

ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਾਹੀ (ਫਸੀ ਹੋਈ)

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ **(ਅੰਗ-953)**

ਕਈ ਮਨੁੱਖ ਇਹ ਸਭ ਕੁਝ ਜਾਣਦੇ ਹੋਏ ਵੀ ਦੋ ਪ੍ਰਕਾਰੀ ਚਾਲ-ਚਲਣ ਤੇ ਚੱਜ-ਅਚਾਰ ਨੂੰ ਪਾਲਦੇ ਹਨ। ਲੋਕਾਂ ਵਿਚ ਝੂਠੀ ਵਾਹ-ਵਾਹ ਕਰਵਾਈ ਜਾਂਦੀ ਹਨ। ਪਰ ਇਸ ਦੀ ਗੁਰਬਾਣੀ ਨਿਖੇਧੀ ਕਰਦੀ ਹੈ।

ਆਪਸ ਕਉ ਜੋ ਭਲਾ ਕਹਾਵੈ ॥

ਤਿਸਹਿ ਭਲਾਈ ਨਿਕਟਿ ਨ ਆਵੈ ॥(ਅੰਗ-278)

ਅਸਲੀਅਤ ਇਸ ਦੇ ਉਲਟ ਹੈ -

ਆਪਸ ਕਉ ਜੋ ਜਾਣੈ ਨੀਚਾ ॥

ਸੋਊ ਗਨੀਐ ਸਭ ਤੇ ਊਚਾ ॥ **(ਅੰਗ-266)**

ਇਸ ਲਈ ਚੰਗੇ ਚਾਲ ਚਲਣ ਦੇ ਧਾਰਨੀ ਵਿਅਕਤੀ ਨੂੰ ਹਉਮੈ ਤੇ ਅਭਿਮਾਨ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਮਨੁੱਖ ਵਿਚ ਕੁਝ ਗੁਣਾਂ ਦੇ ਨਾਲ-ਨਾਲ ਕੁਝ ਭੈੜੇ ਲੱਛਣ ਵੀ ਪਾਏ ਜਾਂਦੇ ਹਨ ਜਿਨ੍ਹਾਂ ਵਿਚੋਂ ਹਉਮੈ ਇਕ ਹੈ ਜਿਸ ਦੇ ਫਲਸਰੂਪ ਉਸ ਮਨੁੱਖ ਵਿਚ ਮੈਂ ਉਭਰ ਕੇ ਬਾਹਰ ਆਉਂਦੀ ਹੈ।

ਗੁਰੂ ਅਮਰਦਾਸ ਜੀ ਦਾ ਕਥਨ ਹੈ-

ਜੋਗੀ, ਗ੍ਰਿਹੀ, ਪੰਡਿਤ, ਭੇਖਧਾਰੀ ॥

ਏ ਸੂਤੇ ਅਪਣੈ ਅਹੰਕਾਰੀ ॥ **(ਪੰਨਾ-1128)**

ਕੁਝ ਲੋਕ ਸਮਾਜ ਵਿਚ ਇਸ ਤਰ੍ਹਾਂ ਦੇ ਵੀ ਹਨ ਜਿਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਪਰ ਹਉਮੇ ਦੇ ਘੋੜੇ ਤੇ ਸਵਾਰ ਹੀ ਰਹਿੰਦੇ ਹਨ।

ਨਾਨਕ ਸੇ ਨਰ ਅਸਲਿ ਖਰ, ਜਿ ਬਿਨੁ ਗੁਣ ਗਰਬੁ ਕਰੰਤਿ ॥ **(ਅੰਗ-1246)**

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਇਸ ਲਾਹਨਤ ਤੋਂ ਬਚਣ ਲਈ ਇਕ ਸੁਨੇਹਾ ਜੋ ਸਾਨੂੰ ਬਖ਼ਸ਼ਿਆ ਹੈ –

ਭੋਲਿਆ, ਹਉਮੈ ਸੁਰਤਿ ਵਿਚਾਰਿ ॥

ਹਉਮੈ ਮਾਰਿ, ਬੀਚਾਰਿ ਮਨ, ਗੁਣ ਵਿਚਿ ਗੁਣੁ ਲੈ ਸਾਰਿ ॥ (ਅੰਗ-1168)

ਚਾਹੇ ਚੰਗੀ ਜੀਵਨ ਜਾਂਚ, ਚੰਗਾ ਆਚਰਨ ਗ੍ਰਹਿਣ ਕਰਨ ਲਈ ਗੁਰੂ ਗ੍ਰੰਥ ਸਾਹਿਬ ਵਿਚ ਦਿਸ਼ਾ ਨਿਰਦੇਸ਼ ਸੁਭਾਇਮਾਨ ਹਨ ਨਾਲ-ਨਾਲ ਸਾਧ ਸੰਗਤ ਦੀ ਮਹੱਤਤਾ ਉਹਨਾਂ ਵਿਚ ਇਕ ਵੱਡਮੁੱਲੀ ਦਾਤ ਹੈ ਕਿਉਂਕਿ ਹਰ ਮਨੁੱਖ ਆਪਣੇ ਦੁਨਿਆਵੀ ਜੀਵਨ ਵਿਚ ਚੰਗੇ ਅਤੇ ਮਾੜੇ ਮਨੁੱਖਾਂ ਦੇ ਸੰਪਰਕ ਵਿਚ ਆਉਂਦਾ ਹੈ। ਜਦੋਂ ਉਸ ਦੀ ਸੰਗਤ ਕਿਸੇ ਮਾੜੇ ਮਨੁੱਖ ਨਾਲ ਹੋ ਜਾਵੇ ਤਾਂ ਉਹ ਕੁਰਾਹੇ ਹੀ ਨਹੀਂ ਪੈਂਦਾ ਸਗੋਂ ਇਹਨਾਂ ਦਾਤਾਂ ਤੋਂ ਵਾਝਿਆਂ ਰਹਿ ਜਾਂਦਾ ਹੈ। ਪਰ ਜਦ ਉਸ ਅਕਾਲ ਪੁਰਖ ਦੀ ਕ੍ਰਿਪਾ ਹੁੰਦੀ ਹੈ ਤਾਂ ਉਹ ਚੰਗੀਆਂ ਰੂਹਾਂ ਦੇ ਸੰਪਰਕ ਵਿਚ ਆ ਜਾਂਦਾ ਹੈ ਤੇ ਪ੍ਰਮਾਤਮਾਂ ਨਾਲ ਇਕਮਿਕ ਹੋਣ ਦਾ ਯਤਨ ਕਰਦਾ ਹੈ। ਸਮਾਜ ਵਿਚ ਵੀ ਉਸ ਦੀ ਸਿਫ਼ਤ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ–

ਉਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ, ਅਵਗੁਣ ਧੋਵੈ ॥ (ਪੰਨਾ-414)

ਭਗਤ ਕਬੀਰ ਜੀ ਨੇ ਵੀ ਕਿਹਾ ਹੈ–

ਕਬੀਰ, ਚੰਦਨ ਕਾ ਬਿਰਵਾ ਭਲਾ ਬੇੜਿਉ ਢਾਕ ਪਲਾਸ ॥

ਓਇ ਭਿ ਚੰਦਨੁ ਹੋਇ ਰਹੇ, ਬਸੇ ਜੁ ਚੰਦਨ ਪਾਸਿ ॥ (ਪੰਨਾ-1365)

● ● ●

ਮਾਂ ਦੀ ਹਰ ਲੋੜ ਨੂੰ ਠੁਕਰਾਅ ਕੇ ਅਤੇ ਪਿਤਾ ਨੂੰ ਨਜ਼ਰਅੰਦਾਜ਼ ਕਰਕੇ, ਜੋ ਮਨੁੱਖ ਦਾਨ ਪੁੰਨ ਕਰਦਾ ਹੈ, ਉਹ ਦਾਨੀ ਨਹੀਂ ਬੇਈਮਾਨ ਹੈ।

● ● ●

ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

ਸੰਪਾਦਕ - ਸੁਰਿੰਦਰ ਸਿੰਘ ਰੂਬੀ

98141-28181

ਜਨਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ

ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ – ਜਨਵਰੀ 2026 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ (ਸੀਨੀ. ਮੈਨੇਜਰ, (ਰਿਟਾ.)), ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਜਨਵਰੀ ਮਹੀਨੇ ਦੀ ਕੁੱਲ ਆਮਦਨ – 3,74,408.00/- ਰੁਪਏ

ਜਨਵਰੀ ਮਹੀਨੇ ਦਾ ਕੁੱਲ ਖਰਚਾ – 3,93,944.50/- ਰੁਪਏ

2. ਜਨਵਰੀ ਮਹੀਨੇ ਦੀ ਸੰਗਰਾਂਦ ਬਾਰੇ - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 14.01.2026 ਨੂੰ ਮਾਘ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਬੜੇ ਹੀ ਸ਼ਰਧਾ-ਭਾਵ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਤਿਕਾਰਯੋਗ ਕੀਰਤਨੀ ਜੱਥੇ ਨੇ ਬਹੁਤ ਹੀ ਰੱਸਭਿੰਨਾਂ ਅਤੇ ਮਨਮੋਹਕ ਕੀਰਤਨ ਕਰਕੇ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਘਰ ਦੀ ਖੁਸ਼ੀਆਂ ਪ੍ਰਾਪਤ ਕੀਤੀਆਂ। ਸੀਨੀ. ਮੀਤ ਪ੍ਰਧਾਨ (ਹੈ.ਕੁ.), ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਸੀਨੀ. ਵਾਇਸ ਪ੍ਰਧਾਨ (ਹੈ. ਕੁ.) ਨੇ ਇਸ ਮੌਕੇ ਤੇ ਆਈਆਂ ਹੋਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਇਸੇ ਤਰ੍ਹਾਂ ਹਰ ਸੰਗਰਾਂਦ ਦੇ ਦਿਹਾੜੇ ਤੇ ਵੱਧ-ਚੜ੍ਹ ਕੇ ਹਾਜ਼ਰੀ ਭਰਨ ਲਈ ਉਤਸਾਹਿਤ ਕੀਤਾ।

3. ਡੈਂਟਲ ਕਲੀਨਿਕ ਦੀ ਰਿਪੋਰਟ - ਲੁਬਾਣਾ ਭਵਨ ਵਿੱਚ ਚਲ ਰਹੀਆਂ ਦੰਤ ਚਿਕਿਤਸਾ ਸੇਵਾਵਾਂ ਡਾ. ਅਕਸ਼ੇ ਠਾਕੁਰ (ਐੱਮ.ਡੀ.ਐੱਸ.) ਦੀ ਨਿਗਰਾਨੀ ਹੇਠ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸਰਾਹਣਯੋਗ ਢੰਗ ਨਾਲ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਡਾ. ਅਕਸ਼ੇ ਠਾਕੁਰ ਦੀ ਉੱਚ ਪੱਧਰੀ ਪੇਸੇਵਰ ਯੋਗਤਾ, ਮਰੀਜ਼ਾਂ ਪ੍ਰਤੀ ਸਹਿਯੋਗੀ ਰਵੱਈਆ ਅਤੇ ਸਮਰਪਿਤ ਸੇਵਾ ਕਾਰਨ ਇਹ ਡੈਂਟਲ ਕਲੀਨਿਕ ਸਮਾਜ ਲਈ ਇਕ ਮਹੱਤਵਪੂਰਨ ਸਿਹਤ ਸਹੂਲਤ ਬਣ ਚੁੱਕੀ ਹੈ। ਸਫਾਈ, ਆਧੁਨਿਕ ਇਲਾਜਪਤੀਆਂ ਅਤੇ ਸੰਵੇਦਨਸ਼ੀਲ ਦੇਖਭਾਲ ਨਾਲ ਇਹ ਸੇਵਾ ਸੇਵਾਦਾਰਾਂ ਅਤੇ ਸੰਗਤ ਲਈ ਬਹੁਤ ਲਾਭਕਾਰੀ ਸਾਬਤ ਹੋ ਰਹੀ ਹੈ, ਜੋ ਕਿ ਲੁਬਾਣਾ ਭਵਨ ਦੀ ਸੇਵਾ ਭਾਵਨਾ ਨੂੰ ਹੋਰ ਮਜਬੂਤ ਕਰਦੀ ਹੈ।

4. ਜ਼ੋਨਲ ਪਲਾਨ ਵਿਚ ਸੁਧਾਰ ਸੰਬੰਧੀ - ਇਸ ਵਿਸ਼ੇ ਦੇ ਸੰਬੰਧ ਵਿਚ ਸਾਨੂੰ ਬਹੁਤ ਵੱਡੀ ਸਫ਼ਲਤਾ ਪ੍ਰਾਪਤ ਹੋਈ ਹੈ ਅਤੇ ਚੀਫ਼ ਆਰਕੀਟੈਕਟ, ਚੰਡੀਗੜ੍ਹ ਤੋਂ ਲੋੜੀਂਦਾ ਪੱਤਰ ਪ੍ਰਾਪਤ ਕਰ ਲਿਆ ਗਿਆ ਹੈ । ਇਸ ਮਾਮਲੇ ਦੇ ਸੰਬੰਧ ਵਿੱਚ ਸ. ਭਗਵਾਨ ਸਿੰਘ ਲੁਬਾਣਾ ਪ੍ਰਧਾਨ ਫਾਊਂਡੇਸ਼ਨ ਵੱਲੋਂ ਇਸ ਕੰਮ ਦੀ ਪ੍ਰਗਤੀ ਲਈ ਵਿਸ਼ੇਸ਼ ਤੌਰ 'ਤੇ ਕਰਨਲ ਗੁਰਦੀਪ ਸਿੰਘ (ਰਿਟਾ.), ਵੀ.ਪੀ. (ਹੈ.ਕੁ.) ਜੀ ਨੂੰ ਜ਼ੁੰਮੇਵਾਰੀ ਸੌਂਪੀ ਗਈ। ਕਰਨਲ ਗੁਰਦੀਪ ਸਿੰਘ ਜੀ ਵੱਲੋਂ ਯੂ.ਟੀ., ਚੰਡੀਗੜ੍ਹ ਦੇ ਅਲੱਗ-ਅਲੱਗ ਵਿਭਾਗਾਂ ਦੇ ਨਾਲ ਲੰਬੇ ਸਮੇਂ ਤੋਂ ਲਗਾਤਾਰ ਸੰਪਰਕ ਬਣਾ ਕੇ ਰੱਖਿਆ ਅਤੇ ਬਹੁਤ ਮੇਹਨਤ ਅਤੇ ਲਗਨ ਨਾਲ ਕੰਮ ਕਰਕੇ ਚੀਫ਼ ਆਰਕੀਟੈਕਟ, ਚੰਡੀਗੜ੍ਹ ਤੋਂ ਇਹ ਜਵਾਬੀ ਪੱਤਰ ਹਾਸਲ ਕੀਤਾ। ਇਸ ਤੋਂ ਇਲਾਵਾ ਲੁਬਾਣਾ ਭਵਨ, ਚੰਡੀਗੜ੍ਹ ਵਿਚ ਇਕ ਹੋਰ ਗੇਟ ਖੋਲ੍ਹਣ ਲਈ ਵੀ ਯੂ.ਟੀ., ਚੰਡੀਗੜ੍ਹ ਵਲੋਂ ਪ੍ਰਵਾਨਗੀ ਪੱਤਰ ਪ੍ਰਾਪਤ ਕਰ ਲਿਆ ਗਿਆ ਹੈ ਅਤੇ ਦੂਸਰਾ ਗੇਟ ਵੀ ਸੰਗਤਾਂ ਦੀ ਸਹੂਲਤ ਲਈ ਖੋਲ੍ਹ ਦਿੱਤਾ ਗਿਆ ਹੈ। ਬਾਕੀ ਦੇ ਜ਼ਰੂਰੀ ਦਸਤਾਵੇਜ ਪਹਿਲਾਂ ਹੀ ਯੂ.ਟੀ., ਚੰਡੀਗੜ੍ਹ ਤੋਂ ਪ੍ਰਾਪਤ ਕਰ

ਲਏ ਗਏ ਹਨ। ਹੁਣ ਰਿਵਾਈਜ਼ਡ ਬਿਲਡਿੰਗ ਪਲਾਨ ਜਲਦੀ ਹੀ ਜਮਾਂ ਹੋ ਜਾਣ ਦੀ ਸੰਭਾਵਨ ਹੈ। ਇਹ ਰਿਵਾਈਜ਼ਡ ਬਿਲਡਿੰਗ ਪਲਾਨ ਪਾਸ ਹੋਣ ਉਪਰੰਤ ਉਮੀਦ ਹੈ ਕਿ ਭਾਈ ਲੱਖੀ ਸ਼ਾਹ ਬਲਾਕ ਦੀ ਬਿਲਡਿੰਗ ਦੀ ਉਸਾਰੀ ਦਾ ਕੰਮ ਜਲਦੀ ਸ਼ੁਰੂ ਕਰਨ ਦੀ ਸੰਭਾਵਨਾ ਹੈ।

5. **ਫ਼ਾਇਰ-ਫ਼ਾਇਟਿੰਗ ਦੀ ਐਨ.ਓ.ਸੀ ਬਾਰੇ** - ਲੁਬਾਣਾ ਭਵਨ ਸੰਬੰਧੀ ਫਾਇਰ ਫਾਇਟਿੰਗ ਐਨ.ਓ.ਸੀ. ਦੇ ਮਾਮਲੇ ਵਿੱਚ ਇਸ ਮਹੀਨੇ ਦੌਰਾਨ ਕੋਈ ਵੱਡੀ ਤਰੱਕੀ ਨਹੀਂ ਹੋ ਸਕੀ ਹੈ। ਫਿਰ ਵੀ ਪ੍ਰਬੰਧਕ ਕਮੇਟੀ ਵੱਲੋਂ ਸੰਬੰਧਤ ਵਿਭਾਗਾਂ ਨਾਲ ਲਗਾਤਾਰ ਸੰਪਰਕ ਬਣਾਇਆ ਹੋਇਆ ਹੈ ਅਤੇ ਲੋੜੀਂਦੀਆਂ ਕਾਰਵਾਈਆਂ ਪੂਰੀਆਂ ਕਰਨ ਲਈ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਾਰੇ ਜ਼ਰੂਰੀ ਦਸਤਾਵੇਜ਼ਾਂ ਅਤੇ ਪ੍ਰਕਿਰਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੇਸ ਨੂੰ ਅੱਗੇ ਵਧਾਇਆ ਜਾ ਰਿਹਾ ਹੈ ਅਤੇ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਸ ਸਬੰਧੀ ਸਕਾਰਾਤਮਕ ਨਤੀਜਾ ਪ੍ਰਾਪਤ ਹੋਵੇਗਾ।

6. **ਐਨ.ਡੀ.ਸੀ. ਅਤੇ ਰਿਵਾਇਜ਼ਡ ਬਿਲਡਿੰਗ ਪਲਾਨ ਅਤੇ ਐਸ.ਡੀ.ਐਮ. (ਈਸਟ) ਵਿਖੇ ਚੱਲ ਰਹੇ ਕੇਸ ਦਾ ਵੇਰਵਾ-** ਅਸਟੇਟ ਆਫ਼ਿਸ ਵੱਲੋਂ ਜਾਰੀ ਕੀਤਾ ਗਿਆ ਐਨ.ਡੀ.ਸੀ. ਸਰਟੀਫਿਕੇਟ ਪ੍ਰਬੰਧਕ ਕਮੇਟੀ ਦੀ ਲਗਾਤਾਰ ਕੋਸ਼ਿਸ਼ਾਂ ਅਤੇ ਮੇਹਨਤ ਸਦਕਾ ਪ੍ਰਾਪਤ ਹੋ ਚੁੱਕਾ ਹੈ। ਸੋਧਿਆ ਗਿਆ ਬਿਲਡਿੰਗ ਪਲਾਨ ਇਸ ਸਮੇਂ ਆਰਕੀਟੈਕਟ ਵੱਲੋਂ ਸਮੀਖਿਆ ਅਧੀਨ ਹੈ ਅਤੇ ਜਿਵੇਂ ਹੀ ਇਹ ਪ੍ਰਕਿਰਿਆ ਪੂਰੀ ਹੁੰਦੀ ਹੈ, ਉਸਦਾ ਅੰਤਿਮ ਮਸੌਦਾ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਚਰਚਾ ਲਈ ਪੇਸ਼ ਕੀਤਾ ਜਾਵੇਗਾ। ਵਰਕਿੰਗ ਕਮੇਟੀ ਦੀ ਮਨਜ਼ੂਰੀ ਉਪਰਾਂਤ ਹੀ ਅਗਲਾ ਕੋਈ ਵੀ ਕਦਮ ਚੁੱਕਿਆ ਜਾਵੇਗਾ। ਐੱਸ.ਡੀ.ਐੱਮ. (ਈਸਟ), ਚੰਡੀਗੜ੍ਹ ਦੇ ਦਫਤਰ ਵਿੱਚ ਚੱਲ ਰਹੇ ਕੇਸ ਸੰਬੰਧੀ 29 ਦਸੰਬਰ ਨੂੰ ਪੇਸ਼ੀ ਨਿਰਧਾਰਤ ਸੀ, ਪਰ ਉਸ ਦਿਨ ਐਸ.ਡੀ.ਐਮ. ਦੀ ਗੈਰਹਾਜ਼ਰੀ ਕਾਰਨ ਅਗਲੀ ਤਾਰੀਖ ਅਪ੍ਰੈਲ ਮਹੀਨੇ ਵਿੱਚ ਦਿੱਤੀ ਗਈ ਹੈ।

7. **ਮੈਰਿਟ ਕਮ ਮੀਨਜ਼ ਸਕਾਲਰਸ਼ਿਪ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.), ਚੰਡੀਗੜ੍ਹ ਵਲੋਂ ਮੈਰਿਟ ਕਮ ਮੀਨਜ਼ ਸਕਾਲਰਸ਼ਿਪ ਸਕੀਮ ਦੇ ਅਧੀਨ ਹੋਨਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਨ ਲਈ ਸਾਲ 2024-25 ਦੇ ਸਕਾਲਰਸ਼ਿਪ ਫ਼ਾਰਮ ਜਮਾਂ ਕਰਾਉਣ ਦੀ ਨਿਰਧਾਰਿਤ ਮਿਤੀ 15.02.2026 ਤੱਕ ਹੈ ਅਤੇ ਇਸ ਦਾ ਬਿਨੈ-ਪੱਤਰ ਲੁਬਾਣਾ ਸੇਵਕ ਮੈਗਜ਼ੀਨ ਵਿਚ ਲਗਾਤਾਰ ਛਾਪਿਆ ਜਾ ਰਿਹਾ ਹੈ ਅਤੇ ਫ਼ਾਰਮ ਦੀ ਕਾਪੀ ਤੁਸੀ ਭਵਨ ਦੇ ਮੋਬਾਇਲ ਨੰਬਰ 73470-65188 ਤੇ ਕਾਲ ਜਾਂ ਵਟਸ-ਐਪ ਰਾਹੀ ਵੀ ਪ੍ਰਾਪਤ ਕਰ ਸਕਦੇ ਹੋ। ਉਕਤ ਸਕਾਲਰਸ਼ਿਪ ਫ਼ਾਰਮ ਭਵਨ ਦੇ ਦਫ਼ਤਰ ਵਿਚ ਸਾਰੇ ਜ਼ਰੂਰੀ ਦਸਤਾਵੇਜ਼ਾਂ ਸਮੇਤ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 05 ਵਜੇ ਤੱਕ ਜਮਾਂ ਕਰਵਾ ਸਕਦੇ ਹੋ ਜਾਂ ਡਾਕ ਰਾਹੀ ਵੀ ਭੇਜ ਸਕਦੇ ਹੋ। ਵਿਦਿਆਰਥੀਆਂ ਨੂੰ ਬੇਨਤੀ ਹੈ ਕਿ ਉਹ ਬਿਨੈਪੱਤਰ ਨੂੰ ਸਹੀ ਤਰੀਕੇ ਨਾਲ ਪੜ੍ਹ ਕੇ, ਪੂਰਨ ਤੌਰ ਤੇ ਭਰਨ ਅਤੇ ਉਹਨਾਂ ਦੇ ਨਾਲ ਜੋ ਵੀ ਦਸਤਾਵੇਜ਼ ਮੰਗੇ ਗਏ ਹਨ, ਉਹ ਨਾਲ ਨੱਥੀ ਕਰ ਕੇ ਭੇਜਣ ਤਾਂ ਜੋ ਉਹਨਾਂ ਨੂੰ ਭਵਨ ਵਲੋਂ ਦਿੱਤੀ ਜਾਣ ਵਾਲੀ ਸਹਾਇਤਾ ਯਕੀਨੀ ਤੌਰ ਤੇ ਮਿਲ ਸਕੇ ।

8. **ਭਵਨ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ** - ਜਨਵਰੀ ਮਹੀਨੇ ਦੌਰਾਨ ਲੁਬਾਣਾ ਭਵਨ ਵਿੱਚ ਕਈ ਮਹੱਤਵਪੂਰਨ ਸੁਧਾਰਾਤਮਕ ਕੰਮ ਸਫਲਤਾਪੂਰਵਕ ਪੂਰੇ ਕੀਤੇ ਗਏ। ਗੁਰਦੁਆਰਾ ਸਾਹਿਬ ਦੇ ਅੰਦਰ ਸੀਲਨ ਅਤੇ ਸ਼ੋਰੇ ਦੀ ਸਮੱਸਿਆ ਦੇ ਕਾਰਣ ਪੇਂਟ ਦੀ ਸਥਿੱਤੀ ਬਹਤ ਖਰਾਬ ਸੀ ਅਤੇ ਗੁਰੂ ਘਰ ਦੇ ਵਿੱਚ ਦੀਵਾਰ ਦੇ ਨਾਲ ਬੈਠਣ ਵਾਲੀ ਸੰਗਤ ਦੇ ਕੱਪੜੇ ਖਰਾਬ ਹੁੰਦੇ ਸਨ, ਉਸ ਨੂੰ ਢੱਕਣ ਲਈ ਪੀ.ਵੀ.ਸੀ. ਸ਼ੀਟਾਂ ਦਾ ਕੰਮ ਕਰਵਾਇਆ ਗਿਆ, ਜਿਸ ਨਾਲ ਨਵੀਨੀਕਰਨ ਉਪਰਾਂਤ ਗੁਰਦੁਆਰਾ ਸਾਹਿਬ ਨੂੰ ਸੁੰਦਰ ਅਤੇ ਨਵਾਂ ਰੂਪ ਪ੍ਰਾਪਤ ਹੋਇਆ ਹੈ। ਇਸ ਦੇ ਨਾਲ ਹੀ ਭਾਈ ਮਨੀ ਸਿੰਘ ਬਲਾਕ ਦੇ ਕਮਰਿਆਂ ਵਿੱਚ ਪਲੰਬਿੰਗ ਸੰਬੰਧੀ ਕੰਮ ਕਰਵਾਏ ਗਏ, ਜਿਸ ਨਾਲ ਪਾਣੀ ਦੀ ਸਪਲਾਈ ਅਤੇ ਸਹੂਲਤਾਂ ਵਿੱਚ ਸੁਧਾਰ ਆਇਆ ਹੈ। ਇਹ ਸਾਰੇ ਕੰਮ ਸੰਗਤ ਦੀ ਸਹੂਲਤ ਅਤੇ ਭਵਨ ਦੀ ਸੰਭਾਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਰਵਾਏ ਗਏ ਹਨ।

ਬੱਚਿਆਂ ਦਾ ਸੁਨਹਿਰੀ ਭਵਿੱਖ

ਤਬਦੀਲੀ ਜ਼ਿੰਦਗੀ ਦਾ ਅਹਿਮ ਪੜਾਅ ਹੈ। ਜ਼ਿੰਦਗੀ ਵਿਚ ਕਈ ਪੜਾਵ ਆਉਂਦੇ ਹਨ ਪਰ ਸਕੂਲੀ ਵਿੱਦਿਆ ਗ੍ਰਹਿਣ ਕਰਨ ਦਾ ਪੜਾਅ ਬੜਾ ਯਾਦਗਾਰੀ ਅਤੇ ਪ੍ਰੇਰਨਾਦਾਇਕ ਹੁੰਦਾ ਹੈ। ਪ੍ਰੀਖਿਆਵਾਂ ਦੇ ਮੌਸਮ ਤੋਂ ਬਾਅਦ ਮੌਸਮ ਆਉਂਦਾ ਹੈ ਨਤੀਜਿਆਂ ਦਾ। ਕੁਝ ਬੱਚੇ ਤਾਂ ਇਨ੍ਹਾਂ ਨਤੀਜਿਆਂ ਤੋਂ ਬਾਅਦ ਆਪਣੀ ਸਫਲਤਾ ਦੇਖ ਕੇ ਬਹੁਤ ਖੁਸ਼ ਹੁੰਦੇ ਹਨ ਅਤੇ ਕੁਝ ਬੀਤੇ ਸਮੇਂ ਨੂੰ ਅਜਾਈਂ ਗਵਾ ਕੇ ਪਛਤਾਉਂਦੇ ਹਨ ਪਰ ਬੀਤਿਆ ਸਮਾਂ ਪਰਤ ਕੇ ਨਹੀਂ ਆਉਂਦਾ। ਸਾਲਾਨਾ ਪ੍ਰੀਖਿਆਵਾਂ ਦੇ ਨਤੀਜੇ ਆਉਣ ਤੋਂ ਬਾਅਦ ਵਿਦਿਆਰਥੀ ਅਗਲੀ ਜਮਾਤ ਵਿਚ ਪ੍ਰਵੇਸ਼ ਕਰਦੇ ਹਨ ਅਤੇ ਬਹੁਤ ਖੁਸ਼ ਹੁੰਦੇ ਹਨ।

ਮੈਟ੍ਰਿਕ ਤੋਂ ਬਾਅਦ ਵਿਸ਼ਿਆਂ ਦੀ ਚੋਣ ਸਮੇਂ ਵੀ ਕਈ ਵਾਰ ਬੱਚਿਆਂ ਦੀਆਂ ਰੁਚੀਆਂ ਵੱਲ ਮਾਪੇ ਧਿਆਨ ਨਹੀਂ ਦਿੰਦੇ। ਦੇਖੋ-ਦੇਖੀ ਜ਼ਬਰਦਸਤੀ ਬੱਚਿਆਂ ਨੂੰ ਆਪਣੀ ਮਰਜ਼ੀ ਦੇ ਵਿਸ਼ੇ ਲੈ ਦਿੰਦੇ ਹਨ। ਸਿੱਟੇ ਵਜੋਂ ਬੱਚਿਆਂ ਦੀ ਪੜ੍ਹਾਈ ਪ੍ਰਤੀ ਰੁਚੀ ਅਤੇ ਅਵੇਸਲਾਪਣ ਵਧਣ ਨਾਲ ਨਤੀਜੇ ਵੀ ਆਸ ਮੁਤਾਬਿਕ ਨਹੀਂ ਹੁੰਦੇ। ਇਹ ਠੀਕ ਹੈ ਕਿ ਬੱਚੇ ਦਾ ਨਤੀਜਾ ਆਸ ਮੁਤਾਬਿਕ ਨਾ ਆਉਣ 'ਤੇ ਉਸ ਨੂੰ ਸਮਝਾਉਣਾ ਅਤੇ ਭਵਿੱਖ ਪ੍ਰਤੀ ਚੇਤੰਨ ਕਰਨਾ ਹਰ ਮਾਂ-ਬਾਪ ਦਾ ਫਰਜ਼ ਹੈ ਪਰ ਬੱਚੇ ਨੂੰ ਧਮਕਾਉਣਾ, ਮਾਰਕੁੱਟ ਕਰਨਾ ਬੱਚੇ ਦੀ ਸ਼ਖ਼ਸੀਅਤ ਉਸਾਰੀ ਵਿਚ ਵੱਡੀ ਰੁਕਾਵਟ ਬਣਦਾ ਹੈ। ਬੱਚਿਆਂ ਦੀ ਇਸ ਦੁਬਿਧਾਜਨਕ ਮਾਨਸਿਕ ਸਥਿਤੀ ਨੂੰ ਹਲਕਾ ਕਰਨ ਲਈ ਮਾਪਿਆਂ ਤੋਂ ਵੱਡਾ ਮਦਦਗਾਰ ਹੋਰ ਕੋਈ ਨਹੀਂ ਹੋ ਸਕਦਾ।

ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535



ਕਈ ਮਾਂ-ਬਾਪ ਤਾਂ ਬੱਚਿਆਂ ਦੀ ਪੜ੍ਹਾਈ ਤੇ ਚਰਿੱਤਰ ਨਿਰਮਾਣ ਦੀ ਸਾਰੀ ਜ਼ਿੰਮੇਵਾਰੀ ਵਿਦਿਅਕ ਅਦਾਰਿਆਂ ਉਪਰ ਸੁੱਟ ਕੇ ਆਪ ਬੇਫ਼ਿਕਰ ਹੋ ਜਾਂਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤੇ ਮਾਪਿਆਂ ਦੀ ਆਪਣੇ ਬੱਚਿਆਂ ਦੀ ਪੜ੍ਹਾਈ, ਚਰਿੱਤਰ ਨਿਰਮਾਣ ਤੇ ਭਵਿੱਖ ਦੀ ਦਿਸ਼ਾ ਉਪਰ ਪੂਰੀ ਪਕੜ ਹੁੰਦੀ ਹੈ, ਫਿਰ ਵੀ ਇਹ ਵੇਖਣ ਵਿੱਚ ਅਕਸਰ ਆ ਰਿਹਾ ਹੈ ਕਿ ਅਜਿਹੇ ਮਾਪਿਆਂ ਦੀ ਵੀ ਕਮੀ ਨਹੀਂ ਜਿਹੜੇ ਕਦੇ ਸਕੂਲ ਜਾਂ ਕਾਲਜ ਵਿੱਚ ਇਹ ਪਤਾ ਨਹੀਂ ਕਰਨ ਜਾਂਦੇ ਕਿ ਉਨ੍ਹਾਂ ਦੇ ਬੱਚੇ ਪੜ੍ਹਾਈ ਵਿੱਚ ਕਿਵੇਂ ਚੱਲ ਰਹੇ ਹਨ ਜਾਂ ਕਿਤੇ ਉਹ ਬੁਰੀ ਸੰਗਤ ਵਿੱਚ ਪੈ ਕੇ ਪੜ੍ਹਾਈ ਕਰਨ ਦੀ ਬਜਾਇ ਇੱਧਰ-ਉੱਧਰ ਘੁੰਮ ਕੇ ਹੀ ਘਰ ਪਰਤ ਤਾਂ ਨਹੀਂ ਆਉਂਦੇ। ਕਿਤੇ ਅਜਿਹਾ ਨਾ ਹੋ ਜਾਵੇ ਕਿ ਮਾਪਿਆਂ ਦੀ ਲਾਪ੍ਰਵਾਹੀ ਕਾਰਨ ਉਨ੍ਹਾਂ ਦਾ ਬੱਚਾ ਪੜ੍ਹਾਈ ਵਿੱਚ ਕਮਜ਼ੋਰ ਰਹਿ ਜਾਵੇ ਜਾਂ ਉਹ ਬੁਰੀ ਸੰਗਤ ਦਾ ਸ਼ਿਕਾਰ ਹੋ ਕਿ ਪੜ੍ਹਾਈ ਤੋਂ ਪਾਸਾ ਵੱਟ ਜਾਵੇ। ਪੜ੍ਹਾਈ ਵਿੱਚ ਸਿਰੇ ਨਾ ਲੱਗ ਸਕਣ ਵਾਲੇ ਬੱਚੇ, ਆਪਣਾ ਹੀ ਨਹੀਂ, ਮਾਪਿਆਂ ਦਾ ਭਵਿੱਖ ਵੀ ਖਰਾਬ ਕਰ ਦਿੰਦੇ ਹਨ। ਮਾਪਿਆਂ ਦੀ ਉਨ੍ਹਾਂ ਪ੍ਰਤੀ ਫ਼ਿਕਰਮੰਦੀ ਵੱਧ ਜਾਂਦੀ ਹੈ। ਫਿਰ ਕੁਵੇਲੇ ਦੀਆਂ ਟੱਕਰਾਂ ਹੀ ਪੱਲੇ ਰਹਿ ਜਾਂਦੀਆਂ ਹਨ।

ਬੱਚੇ ਜਿਵੇਂ ਹੀ ਸਕੂਲ ਦੀਆਂ ਵੱਡੀਆਂ ਜਮਾਤਾਂ ਭਾਵ ਗਿਆਰਵੀਂ ਬਾਰਵੀਂ ਵਿੱਚ ਪਹੁੰਚਦੇ ਹਨ, ਉਨ੍ਹਾਂ ਉਪਰ ਸਮੇਂ ਦੇ ਬਾਹਰੀ ਰੁਝਾਨਾਂ ਦੇ ਪ੍ਰਭਾਵ ਵੀ ਪੈਣੇ ਸ਼ੁਰੂ ਹੋ ਜਾਂਦੇ ਹਨ ਜਿਵੇਂ ਘੁੰਮਣਾ-ਫਿਰਨਾ, ਮੋਬਾਇਲ ਫੋਨ, ਇੰਟਰਨੈੱਟ ਜਾਂ ਮੋਟਰਸਾਈਕਲ ਆਦਿ ਦੀ ਲੋੜ ਮਹਿਸੂਸ ਹੁੰਦੀ ਹੈ। ਪੜ੍ਹਾਈ ਲਈ ਸਮਾਂ ਘਟਣਾ ਸ਼ੁਰੂ ਹੋ ਜਾਂਦਾ ਹੈ। ਇਹ ਸਮਾਂ ਮਾਪਿਆਂ ਲਈ ਆਪਣੇ ਬੱਚਿਆਂ ਪ੍ਰਤੀ ਚੌਕਸ ਰਹਿਣ ਦਾ ਹੁੰਦਾ ਹੈ ਕਿਉਂਕਿ ਇਸ ਉਮਰ ਵਿਚ ਬੱਚਿਆਂ ਦਾ ਬੌਧਿਕ ਵਿਕਾਸ ਤੇਜ਼ੀ ਨਾਲ ਆਰੰਭ ਹੋਣਾ ਹੁੰਦਾ ਹੈ। ਜੇ ਮਾਪੇ ਅਜਿਹੇ ਸਮੇਂ ਆਪਣੇ ਬੱਚੇ ਦੀ ਦਿਸ਼ਾ ਸਹੀ ਪਾਸੇ ਕਾਇਮ ਰੱਖਣ ਵਿੱਚ ਕਾਮਯਾਬ ਹੋ ਜਾਣ ਤਾਂ ਅਗਲੇਰੀ ਪੜ੍ਹਾਈ ਦੌਰਾਨ ਉਨ੍ਹਾਂ ਦੀ ਫਿਕਰ ਘਟ ਜਾਂਦੀ ਹੈ।

ਬੱਚਿਆਂ ਵਿੱਚ ਸ਼ੁਰੂ ਤੋਂ ਹੀ ਪੜ੍ਹਾਈ ਦੀ ਰੁਚੀ ਬਣਾਈ ਰੱਖਣਾ ਮਾਪਿਆਂ ਦੀ ਪਹਿਲੀ ਜ਼ਿੰਮੇਵਾਰੀ ਬਣ ਜਾਂਦੀ ਹੈ। ਵਿਦਿਅਕ ਜਾਗਰੂਕਤਾ ਵੱਧਣ ਕਾਰਨ ਹੁਣ ਬਹੁਤੇ ਮਾਪੇ ਇਸ ਅਹਿਮੀਅਤ ਨੂੰ ਪਛਾਣਦੇ ਤੇ ਆਪਣਾ ਫ਼ਰਜ਼ ਨਿਭਾ ਰਹੇ ਹਨ।

ਵਿਦਿਅਕ ਅਦਾਰਿਆਂ ਦੀ ਆਪਣੀ ਜ਼ਿੰਮੇਵਾਰੀ ਹੁੰਦੀ ਹੈ ਤੇ ਉਹ ਕਿਸੇ ਹੱਦ ਤੱਕ ਨਿਭਾਉਂਦੇ ਵੀ ਹਨ। ਇਸ ਤਰ੍ਹਾਂ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਗੰਭੀਰ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਸਮੇਂ-ਸਮੇਂ ਬੱਚਿਆਂ ਦੇ ਸਕੂਲ ਜਾਂ ਕਾਲਜ ਵਿਚ ਜਾ ਕੇ ਆਪਣੇ ਬੱਚਿਆਂ ਦੀ ਪੜ੍ਹਾਈ ਜਾਂ ਸਕੂਲ ਵਿਚ ਉਨ੍ਹਾਂ ਦੀ ਹਾਜ਼ਰੀ ਦਾ ਪਤਾ ਲੈਂਦੇ ਰਹਿਣਾ ਚਾਹੀਦਾ ਹੈ।

ਸੋ ਥੋੜ੍ਹਾ ਜਿਹਾ ਧਿਆਨ ਦੇਣ ਨਾਲ ਬੱਚਿਆਂ ਦੇ ਭਵਿੱਖ ਨੂੰ ਸੁਨਹਿਰੀ ਬਣਾਇਆ ਜਾ ਸਕਦਾ ਹੈ। ਉਸਾਰੂ ਰੁਚੀਆਂ ਦੀ ਪੂਰਤੀ ਲਈ ਸਹਿਯੋਗੀ ਬਣਨ ਦੀ ਲੋੜ ਹੈ ਤਾਂ ਜੋ ਬੱਚੇ ਉਤਸ਼ਾਹਿਤ ਹੋ ਕੇ ਆਪਣੇ ਰੌਸ਼ਨ ਭਵਿੱਖ ਦੇ ਨਿਰਮਾਣ ਵਿੱਚ ਜੁੱਟੇ ਰਹਿਣ ਅਤੇ ਆਪਣੇ ਵਿੱਦਿਅਕ ਅਦਾਰੇ, ਮਾਪਿਆਂ ਅਤੇ ਸਭ ਤੋਂ ਉੱਪਰ ਆਪਣਾ ਭਵਿੱਖ ਚੰਗਾ ਬਣਾ ਸਕਣ।

ਦੁਨੀਆਂ ਇਕ ਅਜਿਹੀ ਕਚਹਿਰੀ ਹੈ, ਜਿਥੇ ਹਰ ਰੋਜ਼ ਹਰ ਕੋਈ ਸਫ਼ਾਈ ਦਿੰਦਾ ਹੀ ਨਜ਼ਰ ਆਉਂਦਾ ਹੈ।

ਪਾਕਿਸਤਾਨ ਵਿਚ ਸਿੱਖਾਂ ਦੇ ਧਾਰਮਿਕ ਅਸਥਾਨ

ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524



ਭਾਰਤ ਤੇ ਪਾਕਿਸਤਾਨ ਬਣਨ ਤੋਂ ਪਹਿਲਾਂ ਦੋਵੇਂ ਦੇਸ਼ ਇਕ ਹੀ ਸਨ। ਸਮੇਂ ਦੇ ਨਾਲ-ਨਾਲ ਵੰਡੀਆਂ ਪਈਆਂ ਤੇ ਇਹ ਵੱਸਦਾ ਰੱਸਦਾ ਦੇਸ਼ ਦੋ ਭਾਗਾਂ ਵਿਚ ਵੰਡਿਆ ਗਿਆ। ਇਥੇ ਇਹ ਕਹਿਣਾ ਕਿ ਕਿਸਦੀ ਗਲਤੀ ਨਾਲ ਹੋਇਆ ਜਾਂ ਕਿਸ ਨੇ ਕਰਵਾਇਆ ਠੀਕ ਨਹੀਂ ਹੋਵੇਗਾ। ਪਰ ਇਹੋ ਜਿਹੇ ਇਤਿਹਾਸ ਨੂੰ ਮੁੜ ਕੇ ਸੁਰਜੀਤ ਕਰਦੇ ਸਮੇਂ ਬਹੁਤ ਸਾਰੇ ਲੇਖਕਾਂ ਨੇ ਆਪਣੇ-ਆਪਣੇ ਵਿਚਾਰ ਦਿੱਤੇ ਹਨ। ਅਸੀਂ ਗਲ ਕਰੀਏ ਕਿ ਜਦੋਂ ਵੰਡੀਆਂ ਪਈਆਂ ਇਸ ਤੋਂ ਪਹਿਲਾਂ ਕਿਹੋ ਜਿਹਾ ਮਾਹੌਲ ਸੀ? ਕਿਉਂ ਅੱਜ ਵੀ ਨਨਕਾਣਾ ਸਾਹਿਬ ਨੂੰ ਯਾਦ ਕੀਤਾ ਜਾਂਦਾ ਹੈ? ਅੱਜ ਗੱਲ ਨਨਕਾਣਾ ਸਾਹਿਬ ਦੀ ਨਹੀਂ ਪਾਕਿਸਤਾਨ ਵਿਚ ਸਿੱਖਾਂ ਦੇ ਇਤਿਹਾਸਕ ਸਥਾਨਾਂ ਬਾਰੇ ਵੀ ਕਰਨੀ ਬਣਦੀ ਹੈ। ਭਾਵੇਂ ਕਿ ਸਾਰੇ ਹੀ ਇਨ੍ਹਾਂ ਗੱਲਾਂ ਤੋਂ ਭਲੀ ਪ੍ਰਕਾਰ ਜਾਣੂ ਹਨ, ਪਰ ਇਹ ਲਿਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਬਹੁਤ ਸਾਰੇ ਸਥਾਨ ਐਸੇ ਹਨ ਜੋ ਕਿ ਸਿੱਖੀ ਨਾਲ ਸਬੰਧਤ ਹੋਣ ਦੇ ਬਾਵਜੂਦ ਅਣਗੌਲਿਆ ਕੀਤੇ ਗਏ ਹਨ ਜਾਂ ਅਣਗੌਲਿਆ ਹੋ ਰਹੇ ਹਨ।

ਬਹੁਤ ਸਾਰੇ ਧਾਰਮਿਕ ਅਸਥਾਨਾਂ ਵਿਚੋਂ ਅੱਜ ਅਸੀਂ ਵਰਨਣ ਕਰਾਂਗੇ ਗੁਰਦੁਆਰਾ ਪਹਿਲੀ ਪਾਤਸ਼ਾਹੀ, ਬੁਲਾਣੀ, ਜ਼ਿਲ੍ਹਾ ਲਾੜਕਾਣਾ, ਸਿੰਧ। ਬੁਲਾਣੀ ਸਿੰਧ ਪ੍ਰਾਂਤ ਦਾ ਪ੍ਰਸਿੱਧ ਨਗਰ ਹੈ। ਨਾਨਕ ਪੰਥੀ ਹਿੰਦੂ ਪੁਜਾਰੀ ਹਨ। ਰੋਜ਼ ਪ੍ਰਕਾਸ਼ ਹੁੰਦਾ ਹੈ। ਇਥੇ ਹੀ ਨੂਰ ਨੁਸਰਤ ਨਾਮ ਦੇ ਇਕ ਆਜੜੀ ਨੇ ਆਪ ਵੀ ਸੇਵਾ ਕੀਤੀ ਤੇ ਬਰਕਤਾਂ ਵਾਸਤੇ ਦੁਆ ਪੁੱਛੀ। ਆਪ ਨੇ ਫਰਮਾਇਆ ਸਭ ਬਰਕਤਾਂ ਨੇਕੀ, ਦਇਆ ਅਤੇ ਧਰਮ ਦਾ ਪੱਲਾ ਨਾਂ ਛੱਡਣ ਵਿਚ ਹਨ। ਇਥੇ ਹੀ ਦਾਊਦ ਨਾਮੀ ਇਕ ਜੁਲਾਹੇ ਨੇ ਆਪ ਨੂੰ ਇਕ ਅਨਮੁੱਲਾ, ਗਲੀਚਾ ਪੇਸ਼ ਕੀਤਾ ਤੇ ਆਪ ਨੇ ਉਹ ਗਲੀਚਾ ਇਕ ਤਾਜੀ ਸੂਈ ਕੁੱਤੀ ਤੇ ਬੱਚਿਆਂ ਦੇ ਥੱਲੇ ਵਿਛਾ ਦਿੱਤਾ ਜੋ ਠੰਢ ਵਿਚ ਠਰ ਰਹੇ ਸਨ ਅਤੇ ਫਰਮਾਇਆ ਕਿ ਮੇਰਾ ਗਲੀਚਾ ਤਾਂ ਇਹ ਹਰਿਆ ਭਰਿਆ ਘਾਹ ਹੈ। ਆਪ ਜੀ ਨੇ ਸਮਝਾਉਣਾ ਕੀਤਾ ਕਿ ਸਾਡੀਆਂ ਖੁਸ਼ੀਆਂ ਸਭ ਵਿਅਰਥ ਹਨ ਜੇ ਕੋਲ ਬੈਠਾ ਕੋਈ ਜੀਵ ਦੁੱਖੀ ਹੋਵੇ। ਇਸ ਅਸਥਾਨ ਤੇ ਹੁੰਮ ਹੁੰਮਾ ਕੇ ਸੰਗਤ ਆਉਂਦੀ ਹੈ ਤੇ ਗੁਰੂ ਨਾਨਕ ਦੀਆਂ ਖੁਸ਼ੀਆਂ ਬਟੋਰਦੀ ਹੈ। ਗੁਰੂ ਕਾ ਲੰਗਰ ਵੀ ਚਲਦਾ ਰਹਿੰਦਾ ਹੈ।

ਸਿੰਧ ਵਿਚ ਹੀ ਗੁਰਦੁਆਰਾ ਨਨਕਾਣਾ ਕੰਧਕੋਟ, ਜ਼ਿਲ੍ਹਾ ਜੈਕਬਆਬਾਦ (ਸਿੰਧ) ਪੈਂਦਾ ਹੈ। ਇਹ ਪਾਵਨ ਅਸਥਾਨ ਸੁਨਿਆਰ ਬਾਜ਼ਾਰ ਅੰਦਰ ਸਥਿਤ ਹੈ। ਇਸ ਮੁਹੱਲੇ ਨੂੰ ਨਾਨਕਵਾੜਾ ਵੀ ਆਖਿਆ ਜਾਂਦਾ ਹੈ। ਇਸ ਅਸਥਾਨ ਨੂੰ ਨਾਨਕ ਦਰਬਾਰ ਕਰਕੇ ਵੀ ਜਾਣਿਆ ਜਾਂਦਾ ਹੈ। ਇਥੇ ਧੰਨਾ ਸਿੰਘ ਜੀ ਪੁਜਾਰੀ ਸਨ (ਪਰ ਹੁਣ ਕੌਣ ਹੋ ਇਸ ਬਾਰੇ ਕੋਈ ਪਤਾ ਨਹੀਂ ਚੱਲ ਸਕਿਆ)।

ਦਰਬਾਰ ਦੇ ਨਾਲ ਕਾਲੀ ਮਾਤਾ ਦਾ ਮੰਦਰ, ਸ੍ਰੀ ਰਾਮ ਜੀ ਦਾ ਮੰਦਰ ਤੇ ਹਨੂੰਮਾਨ ਜੀ ਦਾ ਮੰਦਰ ਵੀ ਸਥਿਤ ਹੈ। ਇਹਨਾਂ ਸਾਰਿਆਂ ਤੇ ਪੂਜਾ ਹੁੰਦੀ ਹੈ (ਵੇਰਵਾ : ਇਕਬਾਲ ਕੈਸਰ ਜੀ ਦੀ ਕਿਤਾਬ ਪਾਕਿਸਤਾਨ ਵਿਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ) ਦਿਵਾਲੀ, ਜਨਮ ਅਸ਼ਟਮੀ ਅਤੇ ਗੁਰਪੁਰਬ ਸਤਿਗੁਰ ਨਾਨਕ ਦੇਵ ਜੀ ਤੇ ਭਾਰੀ ਦੀਵਾਨ ਸੱਜਦੇ ਹਨ। ਇਥੇ ਸੰਗਤਾਂ ਦੀ ਗਿਣਤੀ ਹਜ਼ਾਰਾਂ ਵਿਚ ਹੁੰਦੀ ਹੈ। ਦਰਬਾਰ ਹੀ ਬਹੁਤ ਸੁਹਣਾ ਅਤੇ ਦੋ ਮੰਜ਼ਲਾਂ ਬਣਿਆ ਹੋਇਆ ਹੈ। ਭਾਵੇਂ ਕਿ ਕਾਫੀ ਸਦੀਆਂ ਬੀਤ ਗਈਆਂ ਹਨ ਪਰ ਸੰਗਤ ਦਾ ਅੱਜ ਵੀ ਗੁਰੂ ਨਾਨਕ ਦੇਵ ਜੀ ਨਾਲ ਅਥਾਹ ਪਿਆਰ ਤੇ ਸਤਿਕਾਰ ਬਰਕਰਾਰ ਹੈ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਪਾਰਬ੍ਰਹਮ ਆਪਣੀ ਨਿਜ ਇੱਛਾ ਅਨੁਸਾਰ ਹੀ ਆਪਣੇ ਸਰਗੁਣ ਸਰੂਪ ਧਾਰਨ ਕਰਦਾ ਹੈ ਅਤੇ ਜਗਤ ਨੂੰ ਪੈਦਾ ਕਰਨ ਅਤੇ ਪਾਲਣਾ ਕਰਨ ਦੀ ਮਰਿਆਦਾ ਵੀ ਆਪੇ ਹੀ ਕਰਦਾ ਹੈ। ਅਵਤਾਰ ਧਾਰ ਕੇ ਦੁਸ਼ਟਾਂ ਦਾ ਨਾਸ਼ ਵੀ ਕਰਦਾ ਹੈ ਅਤੇ ਸੰਤ ਜਨਾਂ ਨੂੰ ਨਿਜੀ ਸਰੂਪ ਦਾ ਗਿਆਨ ਵੀ ਬਖਸ਼ਦਾ ਹੈ। ਫਿਰ ਉਹੀ ਨਿਰ ਇੱਛਾ ਹੋ ਕੇ ਆਪਣਾ ਨਿਰਗੁਣ ਰੂਪ ਧਾਰ ਲੈਂਦਾ ਹੈ ਅਤੇ ਅਕਾਰ ਨੂੰ ਵਿਲੀਨ ਕਰ ਲੈਂਦਾ ਹੈ। ਇਹ ਬਿਲਕੁਲ ਇਸ ਤਰ੍ਹਾਂ ਹੈ, ਜਿਵੇਂ ਕੋਈ ਰਾਜਾ ਆਪਣੀ ਇੱਛਾ ਅਨੁਸਾਰ ਵਸਤਰ ਸ਼ਸਤਰ ਪਹਿਨ ਕੇ ਆਪਣੀ ਸਭਾ ਵਿਚ ਖੁਸ਼ੀ ਸਹਿਤ ਆਣ ਬੈਠੇ। ਪਰ ਜਦੋਂ ਉਸ ਦੀ ਇੱਛਾ ਹੁੰਦੀ ਹੈ, ਉਹ ਸਭ ਸਭਾ ਨੂੰ ਤਿਆਗ ਕੇ, ਬਸਤਰ ਸ਼ਸਤਰ ਤਿਆਗ ਦੇਵੇ ਅਤੇ ਇਕੱਲਾ ਹੋ ਕੇ ਆਪਣੀ ਸੇਜਾਂ ਉੱਪਰ ਅਰਾਮ ਕਰੇ। ਉਸ ਸਮੇਂ, ਉਸ ਨੂੰ ਕੋਈ ਨਹੀਂ ਦੇਖ ਸਕਦਾ। ਪਰ ਰਾਜੇ ਕੋਲ ਫਰਿਆਦਾਂ (ਅਰਦਾਸਾਂ) ਕਰਨ ਵਾਲੇ ਨਿਰੰਤਰ ਉਸ ਦਾ ਨਾਮ ਲੈ ਕੇ, ਰਾਜ ਹੁੰਦੇ ਹਨ ਅਤੇ ਮਹਿਮਾ ਕਰਦੇ ਹਨ। ਰਾਜਾ ਭਾਵੇਂ ਸਭਾ ਵਿਚ ਹੋਵੇ ਜਾਂ ਮਹਿਲਾਂ ਦੇ ਅੰਦਰ ਹੋਵੇ, ਪਰ ਉਹ ਸਭ ਦੀਆਂ ਫਰਿਆਦਾਂ ਵੀ ਸੁਣਦਾ ਹੈ, ਮਹਿਮਾ ਵੀ ਸੁਣਦਾ ਹੈ ਅਤੇ ਨਿਆਂ ਵੀ ਕਰਦਾ ਹੈ। ਬੱਸ ਗੁਰੂ ਨਾਨਕ ਦੇਵ ਜੀ ਨੇ, ਆਪਣੇ ਸਿੱਖ ਵਾਸਤੇ ਉਪਾਸਨਾ ਕਰਨ ਦੀ ਮਰਿਆਦਾ ਇਸੇ ਤਰ੍ਹਾਂ ਦੀ ਦਰਸਾਈ ਹੈ। ਸਿੱਖ ਨੇ ਪ੍ਰਭੂ ਦਾ ਨਾਮ ਦੋਵਾਂ ਰੂਪਾਂ ਵਿਚ ਹੀ ਸਿਮਰਨਾ ਹੈ, ਨਿਰਗੁਣ ਵੀ ਤੇ ਸਰਗੁਣ ਵੀ। ਸਰਗੁਣ ਰੂਪ ਵਿਚ ਉਸ ਦਾ ਨਾਮ ਸਤਸੰਗ ਵਿਚੋਂ ਸੁਣਨ ਨਾਲ ਵੀ ਉਹ ਪ੍ਰਸੰਨ ਹੁੰਦਾ ਹੈ ਅਤੇ ਨਿਰਗੁਣ ਰੂਪ ਵਿਚ ਨਾਮ ਜਪਣ ਨਾਲ ਵੀ ਉਹ ਆਤਮ ਗਿਆਨ ਬਖਸ਼ਦਾ ਹੈ।

ਸਚੁ ਸੁਣਾਇਸੀ ਸੱਚ ਕੀ ਬੇਲਾ



ਸੁਰਿੰਦਰ ਸਿੰਘ ਰੂਬੀ
ਸੰਪਾਦਕ

(1) ਭਾਰਤ ਦੇ ਭਵਿੱਖ ਦਾ ਰੋਡ ਗੈਪ ਹੈ ਭਾਰਤ ਦਾ ਯੂਰਪੀਅਨ ਯੂਨੀਅਨ ਨਾਲ ਵਪਾਰਕ ਸਮਝੌਤਾ

ਭਾਰਤ ਦੀ ਮੋਦੀ ਸਰਕਾਰ ਵੱਲੋਂ ਯੂਰਪੀਅਨ ਯੂਨੀਅਨ ਨਾਲ ਕੀਤੇ ਮੁਕਤ ਵਪਾਰਕ ਸਮਝੌਤੇ ਨੇ ਦੋਹਾਂ ਧਿਰਾਂ ਲਈ ਨਵੇਂ ਮੌਕੇ ਪ੍ਰਦਾਨ ਕਰਨ ਦੇ ਨਾਲ-ਨਾਲ ਭਾਰਤ ਦੇ ਕਿਰਤ ਪ੍ਰਧਾਨ ਖੇਤਰਾਂ ਲਈ ਆਲਮੀ



ਮੌਕਿਆਂ ਦਾ ਵਿਸਥਾਰ ਕੀਤਾ ਹੈ। ਭਾਰਤ ਦੀ 2042 ਤੱਕ ਇਕ ਵਿਕਸਿਤ ਦੇਸ਼ ਬਨਣ ਦੀ ਦਿਸ਼ਾ ਵਿਚ ਭਾਰਤ ਦੀ ਵਧਦੀ ਹੋਈ ਗਤੀ ਨੂੰ ਹੋਰ ਤੇਜ਼ੀ ਮਿਲਣ ਦੇ ਚੰਗੇ ਅਸਾਰ ਮਿਲੇ ਹਨ। ਇਸ ਸਮਝੌਤੇ ਨਾਲ ਭਾਰਤੀ ਲੋਕਾਂ ਲਈ ਦੇਸ਼ ਅਤੇ ਵਿਦੇਸ਼ ਵਿਚ ਰੁਜ਼ਗਾਰ ਦੇ ਜ਼ਿਆਦਾ ਮੌਕੇ ਖੁਲ੍ਹਣਗੇ। ਭਾਰਤ ਦੀ ਅਬਾਦੀ ਜੋ ਕਿ ਆਲਮੀ ਅਬਾਦੀ ਦਾ ਇਕ ਚੌਥਾਈ ਹਿੱਸਾ ਹੈ, ਦੇ ਨੌਜਵਾਨ ਅਤੇ ਕਿਸਾਨਾਂ ਲਈ ਖੁਸ਼ਹਾਲੀ ਦੇ ਮੌਕੇ ਵਧਣਗੇ। ਦੁਨੀਆਂ ਦੀ ਚੌਥੀ ਤੇ ਦੂਜੀ ਸਭ ਤੋਂ ਵੱਡੀਆਂ ਅਰਥ ਵਿਵਸਥਾਵਾਂ ਵਿਚ ਇਹ ਵਪਾਰਕ ਸਮਝੌਤਾ ਐਫ.ਟੀ.ਏ. ਦੇ ਸਮਝੌਤਿਆਂ ਵਿਚੋਂ ਸਭ ਤੋਂ ਵੱਡੇ ਸਮਝੌਤਿਆਂ ਵਿਚੋਂ ਇਕ ਹੈ। ਇਹ ਐਫ.ਟੀ.ਏ. ਨਿਯਮ ਅਧਾਰਿਤ ਵਿਉਪਾਰ ਤੇ ਆਰਥਿਕ ਨੀਤੀਆਂ ਵਿਚ ਸਥਿਰਤਾ ਨੂੰ ਯਕੀਨੀ ਬਨਾਉਂਦਾ ਹੈ। ਇਹ ਛੋਟੇ ਕਾਰੋਬਾਰੀਆਂ, ਆਰਟੀਫਿਸ਼ਲ ਇੰਟੈਲੀਜੈਂਸ, ਰੱਖਿਆ ਅਤੇ ਸੈਮੀਕੰਡਕਟਰ ਬਨਾਉਣ ਜਿਹੇ ਮਹੱਤਵਪੂਰਨ ਖੇਤਰ ਵਿਚ ਆਪਸੀ ਸਹਿਯੋਗ ਵਧਾਉਣ ਵੱਲ ਉਠਾਇਆ ਗਿਆ ਮਹੱਤਵਪੂਰਨ ਕਦਮ ਹੈ। ਇਸ ਨਾਲ ਦਸਤਕਾਰੀ, ਆਟੋਮੋਬਾਇਲ, ਰੈਡੀਮੇਡ ਕੱਪੜੇ, ਲੈਦਰ, ਟੈਕਸਟਾਇਲ, ਇੰਜੀਨੀਅਰਿੰਗ ਪ੍ਰੋਡਕਟ, ਹੀਰੇ ਅਤੇ ਗਹਿਣੇ, ਸਮੁੰਦਰੀ ਉਤਪਾਦ ਅਤੇ ਕਿਸਾਨੀ ਅਤੇ ਕਿਰਤੀ ਖੇਤਰ ਨੂੰ ਨਿਰਨਾਇਕ ਮਜਬੂਤੀ ਮਿਲੇਗੀ। ਅਮਰੀਕੀ ਰਾਸ਼ਟਰਪਤੀ ਵੱਲੋਂ ਭਾਰਤੀ ਨਿਰਯਾਤ ਤੇ ਅਮਰੀਕਾ ਵਿਚ ਭਾਰੀ ਟੈਰਿਫ ਲਗਾਉਣ ਦੀ ਧਮਕੀ ਤੋਂ ਬਾਅਦ ਭਾਰਤੀ ਸਰਕਾਰ ਵੱਲੋਂ ਯੂਰਪੀ ਯੂਨੀਅਨ ਜਿਸ ਦੇ ਯੂਰਪ ਦੇ ਪ੍ਰਮੁੱਖ 27 ਦੇਸ਼ ਮੈਂਬਰ ਇਕੱਠੇ ਹਨ, ਨਾਲ ਵਪਾਰਕ ਸਮਝੌਤਾ ਕਰਕੇ ਅਮਰੀਕਾ ਨੂੰ ਆਪਣੀਆਂ ਨੀਤੀਆਂ ਅਤੇ ਆਪਣੇ ਭਲੇ ਲਈ ਖੁੱਲ੍ਹੇ ਤੌਰ ਤੇ ਵਿਚਰਨ ਅਤੇ ਫੈਸਲੇ ਲੈਣ ਦੀ ਸ਼ਕਤੀ ਤੋਂ ਜਾਣੂ ਕਰਵਾ ਦਿੱਤਾ ਹੈ। ਭਾਰਤ ਯੂਰਪੀਅਨ ਯੂਨੀਅਨ ਮੁਕਤ ਵਪਾਰ ਸਮਝੌਤਾ ਭਾਰਤ ਨੂੰ ਆਲਮੀ ਮੰਚ ਤੇ ਇਕ ਭਰੋਸੇਯੋਗ, ਗਤੀਸ਼ੀਲ ਤੇ ਚੰਗੀ ਭਾਗੀਦਾਰੀ ਲਈ ਸੰਪਨ ਦੇਸ਼ ਵੱਲੋਂ ਸਥਾਪਿਤ ਕਰਦਾ ਹੈ। ਇਸ ਨਾਲ ਨਵੇਂ ਮੌਕਿਆਂ ਦੇ ਰਾਹ ਖੁਲ੍ਹਣਗੇ ਅਤੇ ਦੇਸ਼ ਖੁਸ਼ਹਾਲੀ ਵੱਲ ਜਾ ਸਕਦਾ ਹੈ।

(2) ਕੈਂਸਰ ਜਿਹੀ ਗੰਭੀਰ ਬਿਮਾਰੀ ਦੇ ਕਾਰਨਾਂ ਪ੍ਰਤੀ ਲੋਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ

ਕੈਂਸਰ ਜਿਹੀ ਨਾਮੁਰਾਦ ਬੀਮਾਰੀ, ਸਿਰਫ਼ ਭਾਰਤ ਵਿਚ ਹੀ ਨਹੀਂ



ਬਲਕਿ ਪੂਰੀ ਦੁਨੀਆਂ ਵਿਚ ਬੜਾ ਭਿਆਨਕ ਪੱਧਰ ਪ੍ਰਾਪਤ ਕਰ ਚੁੱਕੀ ਹੈ। ਵਿਸ਼ਵ ਭਰ ਵਿਚ ਮਰੀਜ਼ਾਂ ਵਿਚ ਕਮੀ ਨਹੀਂ ਸਗੋਂ ਲਗਾਤਾਰ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਲੱਖਾਂ ਲੋਕ ਇਸ ਬਿਮਾਰੀ ਨਾਲ ਮਰ ਰਹੇ ਹਨ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਵਿਸ਼ਵ ਵਿਚ ਕੈਂਸਰ ਨਾਲ ਹਰ ਸਾਲ ਲਗਭਗ 1 ਕਰੋੜ ਲੋਕਾਂ ਦੀ ਮੌਤ ਹੁੰਦੀ ਹੈ। ਭਾਰਤ ਵਿਚ ਵੀ ਸਾਲ 2020 ਵਿਚ 7.7 ਲੱਖ, 2021 ਵਿਚ 7.89 ਲੱਖ ਤੇ 2022 ਵਿਚ 8.08 ਲੱਖ ਲੋਕਾਂ ਦੀ ਜਾਨ ਕੈਂਸਰ ਦੀ ਬਿਮਾਰੀ ਹੋਣ ਕਾਰਨ ਗਈ। ਲੋਕਾਂ ਨੂੰ ਮੁੱਢਲੇ ਪੱਧਰ ਤੇ ਕੈਂਸਰ ਦੀ ਪਹਿਚਾਣ ਕਰਨ, ਇਸ ਦੇ ਇਲਾਜ ਕਰਵਾਉਣ, ਲੋਕਾਂ ਨੂੰ ਸੰਭਾਵਿਤ ਕੈਂਸਰ ਹੋਣ ਦੀਆਂ ਅਲਾਮਤਾਂ ਤੋਂ ਜਾਣੂ ਕਰਵਾਉਣ ਲਈ ਵਿਸ਼ਵ ਸਿਹਤ ਸੰਗਠਨ ਵੱਲੋਂ ਹਰ ਸਾਲ 4 ਫਰਵਰੀ ਨੂੰ 'ਵਿਸ਼ਵ ਕੈਂਸਰ ਦਿਵਸ' ਮਨਾਇਆ ਜਾਂਦਾ ਹੈ।

ਭਾਰਤ ਵਿਚ ਹਰ ਸਾਲ ਨਵੇਂ ਮਰੀਜ਼ਾਂ ਦੀ ਵਾਧਾ ਦਰ ਸਭ ਤੋਂ ਚਿੰਤਤ ਕਰਦੀ ਹੈ। ਸਾਲ 2024 ਵਿਚ ਭਾਰਤ ਵਿਚ 15.33 ਲੱਖ ਨਵੇਂ ਮਰੀਜ਼ ਸਾਹਮਣੇ ਆਏ ਜੋ ਕਿ ਪਿਛਲੇ 10 ਸਾਲ ਵਿਚ 36 ਫੀਸਦੀ ਦਾ ਵਾਧਾ ਦਰਸਾਉਂਦੇ ਹਨ। ਇਕ ਲੱਖ ਅਬਾਦੀ ਦੇ ਪਿੱਛੇ ਔਸਤਨ 100

ਮਰੀਜ਼ ਵੱਧ ਰਹੇ ਹਨ। ਹਰ ਸਾਲ ਦੇਸ਼ ਵਿਚ 1.43 ਲੱਖ ਮੂੰਹ ਦੇ ਕੈਂਸਰ ਅਤੇ 80 ਹਜ਼ਾਰ ਫੇਫੜਿਆਂ ਦੇ ਕੈਂਸਰ ਦੇ ਨਵੇਂ ਮਾਮਲੇ ਦਰਜ ਹੋ ਰਹੇ ਹਨ। ਭਾਰਤ ਵਿਚ ਕੈਂਸਰ ਦੇ ਮਾਹਿਰ ਡਾਕਟਰਾਂ ਦੀ ਕਮੀ ਹੋਣ ਕਾਰਨ ਕੈਂਸਰ ਦੇ 10 ਮਰੀਜ਼ਾਂ ਵਿਚੋਂ 7 ਦੀ ਮੌਤ ਹੋ ਜਾਂਦੀ ਹੈ, ਜਦੋਂ ਕਿ ਅਗਾਂਹਵਧੂ ਦੇਸ਼ਾਂ ਵਿਚ ਇਹ ਗਿਣਤੀ 3 ਜਾਂ 4 ਹੀ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਭਾਰਤ ਵਿਚ ਪਿਛਲੇ 20 ਸਾਲਾਂ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਦੁਗਣੀ ਹੋ ਗਈ ਹੈ। ਇਹ 15 ਲੱਖ ਲੋਕਾਂ ਵਿਚੋਂ ਦੋ ਤਿਹਾਈ ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਸ ਦਾ ਇਕ ਵੱਡਾ ਕਾਰਨ ਲੋਕਾਂ ਵਿਚ ਕੈਂਸਰ ਪ੍ਰਤੀ ਘੱਟ ਜਾਗਰੂਕਤਾ ਅਤੇ ਕੈਂਸਰ ਸਪੈਸ਼ਲਿਸਟ ਡਾਕਟਰਾਂ ਦੀ ਕਮੀ ਹੈ। ਲੱਗਭਗ ਦੋ ਹਜ਼ਾਰ ਮਰੀਜ਼ਾਂ ਪਿੱਛੇ ਇਕ ਡਾਕਟਰ ਹੈ। ਭਾਵੇਂ ਕਿ ਇਸ ਸਬੰਧੀ ਸਰਕਾਰੀ ਕੋਸ਼ਿਸ਼ਾਂ ਵਿਚ ਭਾਰੀ ਵਾਧਾ ਹੋ ਰਿਹਾ ਹੈ। ਫਿਰ ਵੀ ਲੋਕਾਂ ਨੂੰ ਇਸ ਬਿਮਾਰੀ ਦੇ ਲੱਛਣਾਂ ਪ੍ਰਤੀ ਜਾਗਰੂਕਤਾ ਰੱਖਣੀ ਜ਼ਰੂਰੀ ਹੈ। ਸਮੇਂ ਸਿਰ ਪਤਾ ਲੱਗਣਾ ਅਤੇ ਸਮੇਂ ਸਿਰ ਇਲਾਜ ਕਰਵਾਉਣਾ ਬਹੁਤ ਜ਼ਰੂਰੀ ਹੈ।

(3) ਭਾਰਤ-ਅਮਰੀਕਾ ਵਪਾਰਕ ਟੈਰਿਫ਼ ਜੰਗ- ਰਾਸ਼ਟਰਪਤੀ ਟਰੰਪ ਮੁੜ ਆਇਆ ਬੋਹੜ ਥੱਲੇ

ਪਿਛਲੇ ਦਿਨੀਂ ਅਮਰੀਕੀ ਰਾਸ਼ਟਰਪਤੀ ਨੇ ਅਮਰੀਕਾ ਨੂੰ ਦੂਜੇ ਦੇਸ਼ਾਂ ਤੋਂ ਹੁੰਦੇ ਨਿਰਧਾਰਤ ਤੇ ਬੇਤਹਾਸਾ ਟੈਰਿਫ਼ ਲਗਾਉਣ ਦੇ ਐਲਾਨ ਨਾਲ ਦੂਜੇ ਦੇਸ਼ਾਂ ਨੂੰ ਅਮਰੀਕਾ ਨਾਲ ਵਪਾਰ ਕਰਨਾ ਲਗਭਗ ਮੁਸ਼ਕਿਲ ਹੀ



ਕਰ ਦਿੱਤਾ ਸੀ। ਉਸ ਨੇ ਰੂਸ ਤੇ 50ਫੀਸਦੀ ਅਤੇ ਭਾਰਤ ਤੇ ਪਹਿਲਾਂ 25 ਫੀਸਦੀ ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਸੀ, ਜਿਸ ਨੂੰ ਬਾਅਦ ਵਿਚ 50ਫੀਸਦੀ ਕਰਨ ਦੀ ਧਮਕੀ ਵੀ ਦੇ ਦਿੱਤੀ ਸੀ। ਇਸ ਟੈਰਿਫ਼ ਯੁੱਧ ਤੋਂ ਪਹਿਲਾਂ ਭਾਰਤ ਅਮਰੀਕਾ ਦਾ ਇਕ ਵੱਡਾ ਵਪਾਰਕ ਹਿੱਸੇਦਾਰ ਰਿਹਾ ਹੈ। ਟੈਰਿਫ਼ ਲੱਗਣ ਤੋਂ ਬਾਅਦ ਭਾਰਤੀ ਨਿਰਯਾਤ ਵਸਤਾਂ ਤੇ ਭਾਰੀ ਬੋਝ ਪੈਣਾ ਸੁਭਾਵਿਕ ਸੀ। ਹੁਣ ਅਮਰੀਕੀ ਰਾਸ਼ਟਰਪਤੀ ਦੇ ਟੈਰਿਫ਼ ਘਟਾਉਣ ਦੇ ਐਲਾਨ ਨਾਲ ਭਾਰਤ ਨੂੰ ਕੁਝ ਰਾਹਤ ਮਿਲਣ ਦੀ ਸੰਭਾਵਨਾ ਬਣੀ ਹੈ। ਭਾਵੇਂ ਕਿ ਟਰੰਪ ਨੇ ਇਕ ਬੇਤੁਕੀ ਵੀ ਮਾਗੀ ਹੈ ਕਿ ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਵੇਗਾ ਅਤੇ ਆਪਣੀਆਂ ਜ਼ਰੂਰਤਾਂ ਵੈਨਜ਼ੁਆਲਾ



ਤੋਂ ਤੇਲ ਖਰੀਦ ਕੇ ਪੂਰੀਆਂ ਕਰੇਗਾ। ਇਸ ਨਵੇਂ ਸਮਝੌਤੇ ਤੋਂ ਬਾਅਦ ਉਸ ਨੇ ਭਾਰਤ ਤੇ ਟੈਰਿਫ਼ ਘਟਾ ਕੇ 18ਫੀਸਦੀ ਕਰਨ ਦਾ ਐਲਾਨ ਕੀਤਾ ਹੈ। ਦੇਖੋ ਊਠ ਕਿਸ ਕਰਵਟ ਬੈਠਦਾ ਹੈ। ਭਾਰਤੀ ਤਜਾਰਤੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਟੈਰਿਫ਼ ਦਰ ਨਾਲ ਦੋਨਾਂ ਦੇਸ਼ਾਂ ਦੇ ਵਪਾਰਕ ਸਬੰਧ ਚੰਗੇ ਹੋਣਗੇ ਤੇ ਭਾਰਤੀ ਨਿਰਯਾਤ ਵਧੇਗਾ ਜੋ ਕਿ ਸਾਲ 2030 ਤੱਕ 500 ਮਿਲੀਅਨ ਅਮਰੀਕੀ ਡਾਲਰ ਤੱਕ ਪਹੁੰਚ ਸਕਦਾ ਹੈ। ਇਸ ਸਮਝੌਤੇ ਨਾਲ ਕਿਸਾਨਾਂ, ਛੋਟੇ ਅਤੇ ਦਰਮਿਆਨੇ ਉਦਮੀਆਂ ਤੇ ਹੁਨਰਮੰਦ ਕਾਮਿਆਂ ਲਈ ਨਵੇਂ ਰਾਹ ਅਤੇ ਮੌਕੇ ਖੁਲ੍ਹਣਗੇ ਭਾਵੇਂ ਕਿ ਇਸ ਸਮਝੌਤੇ ਬਾਰੇ ਲੇਖਾ-ਜੋਖਾ ਇਸ ਦਾ ਸਮੁੱਚਾ ਵਿਸਥਾਰ ਸਾਹਮਣੇ ਆਉਣ ਦੇ ਬਾਅਦ ਹੀ ਹੋ ਸਕੇਗਾ।

ਹਜ਼ਾਰਾਂ ਹੱਥਾਂ ਦੀਆਂ ਤਾੜੀਆਂ ਮਾਇਨੇ ਨਹੀਂ ਰੱਖਦੀਆਂ, ਮਾਇਨੇ ਰੱਖਦਾ ਹੈ ਉਹ ਹੱਥ ਜੋ ਮੁਸੀਬਤ ਵੇਲੇ ਤੁਹਾਡੇ ਮੋਢੇ 'ਤੇ ਹੁੰਦਾ ਹੈ।

ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼

ਜਸਬੀਰ ਸਿੰਘ ਸਾਬਰ (ਡਾ.)

ਮੱਧ ਯੁਗ ਤੋਂ ਅੱਜ ਤੱਕ ਮਾਨਵ-ਸਮਾਜ ਦੇ ਮਨੁੱਖ ਦੀ ਨਿਰੰਤਰ ਤ੍ਰਾਸਦੀ ਬਣੀ ਹੋਈ ਹੈ ਕਿ ਇਸ ਦੀ ਰੁਚੀ ਉਨ੍ਹਾਂ ਪ੍ਰਾਪਤੀਆਂ ਵੱਲ ਵਧੇਰੇ ਹੁੰਦੀ ਹੈ ਜੋ ਸੌਖਿਆਂ ਤੇ ਜਲਦੀ ਪ੍ਰਾਪਤ ਹੋ ਜਾਣ। ਹਾਲਾਂਕਿ ਅਜਿਹੀਆਂ ਪ੍ਰਾਪਤੀਆਂ ਕੇਵਲ ਵਕਤੀ ਲੋੜਾਂ ਪੂਰੀਆਂ ਕਰਨ ਵਾਲੀਆਂ ਤੇ ਥੋੜ੍ਹਚਿਰੀ ਖੁਸ਼ੀ ਦੇਣ ਵਾਲੀਆਂ ਹੀ ਹੁੰਦੀਆਂ ਹਨ। ਇਸ ਤ੍ਰਾਸਦੀ ਦਾ ਸ਼ਿਕਾਰ ਮਨੁੱਖ, ਸਿਧਾਂਤ ਦੀ ਸਾਰਥਿਕਤਾ ਨੂੰ ਛੱਡ ਕੇ ਸਿਧਾਂਤ ਸੰਚਾਰ ਦੀ ਪੂਜਾ ਕਰਨੀ ਆਰੰਭ ਦਿੰਦਾ ਹੈ। ਮਨੁੱਖ ਦੀ ਇਸ ਰੁਚੀ ਨੇ ਹੀ ਦੇਹ-ਪੂਜਾ ਅਤੇ ਨਿੱਜਵਾਦ ਨੂੰ ਪ੍ਰਫੁੱਲਤ ਕੀਤਾ। ਅੱਜ ਸਥਿਤੀ ਇਹ ਬਣ ਗਈ ਹੈ ਕਿ ਮਨੁੱਖ ਦੀ ਮਾਨਸਿਕਤਾ ਪਦਾਰਥਕ ਸੁਖਾਂ ਦੀ ਗ੍ਰਿਫਤ ਵਿਚ ਅਜਿਹੀ ਜਕੜੀ ਜਾ ਚੁੱਕੀ ਹੈ ਕਿ ਉਹ ਪਰਮਾਰਥ ਦੀ ਗੱਲ ਮੰਨਣੀ ਤਾਂ ਇਕ ਪਾਸੇ ਰਹੀ ਸੁਣਨੀ ਵੀ ਪਸੰਦ ਨਹੀਂ ਕਰ ਰਿਹਾ।



ਮਾਨਵ-ਚੇਤਨਾ ਦੀ ਇਸ ਸਥਿਤੀ ਦੇ ਦੋ ਕਾਰਨ ਸਪੱਸ਼ਟ ਰੂਪ ਵਿਚ ਨਜ਼ਰ ਆਉਂਦੇ ਹਨ। ਪਹਿਲਾ ਕਾਰਨ ਹੈ ਮਨੁੱਖ ਨੂੰ ਬਚਪਨ ਤੋਂ ਹੀ ਘਰ ਵਿਚੋਂ ਸੁਚੱਜਾ ਅਧਿਆਤਮਕ ਵਾਤਾਵਰਨ ਨਾ ਮਿਲਣਾ, ਜਿਸ ਕਰਕੇ ਉਹ ਸੁੱਚੀਆਂ ਅਧਿਆਤਮਕ ਕਦਰਾਂ-ਕੀਮਤਾਂ ਤੋਂ ਅਗਿਆਨੀ ਹੁੰਦਾ ਹੈ। ਉਸ ਨੂੰ ਜਨਮ ਤੋਂ ਹੀ ਇਕ ਅਜਿਹਾ ਸੰਕੀਰਨ, ਕੱਟੜਵਾਦੀ ਮਾਹੌਲ ਪ੍ਰਾਪਤ ਹੁੰਦਾ ਹੈ ਜੋ ਉਸ ਨੂੰ ਮਾਨਵ-ਭਾਈਚਾਰੇ ਅਤੇ ਸਰਬ ਸਾਂਝੀਵਾਲਤਾ ਅਤੇ ਸਭਿਆਚਾਰ ਤੋਂ ਨਿਖੇੜ ਕੇ ਰੱਖਦਾ ਹੈ। ਦੂਜਾ ਪ੍ਰਮੁੱਖ ਕਾਰਨ ਹੈ ਸਮਾਜ ਦੇ ਉਨ੍ਹਾਂ ਧਾਰਮਕ ਆਗੂਆਂ ਦੀ ਅਪ੍ਰਸੰਗਕ ਭੂਮਿਕਾ ਜਿਨ੍ਹਾਂ ਦਾ ਆਪਣਾ ਨਿੱਜ ਪੱਧਰਾ ਜੀਵਨ, ਲੋਕ-ਮਾਨਸ ਦੀ ਚੇਤਨਾ ਵਿਚ ਅਜਿਹਾ ਰੋਲ-ਮਾਡਲ ਪੇਸ਼ ਕਰਦਾ ਹੈ ਜੋ ਮਾਨਵ-ਸਮਾਜ ਦੇ ਵਿਕਾਸ-ਕਾਰਜ ਲਈ ਰੁਕਾਵਟ ਬਣ ਜਾਂਦਾ ਹੈ। ਕਿਸੇ ਵੀ ਚਿੰਤਨ ਦੀ ਪਰਖ/ਪੜਚੋਲ ਦਾ ਮੁੱਲ ਹੀ ਇਸ ਗੱਲ ਤੋਂ ਪਤਾ ਚੱਲਦਾ ਹੈ ਕਿ ਉਸ ਦਾ ਮਾਨਵੀ ਕਦਰਾਂ-ਕੀਮਤਾਂ ਨਾਲ ਸਰੋਕਾਰ ਕਿਸ ਮਾਤਰਾ ਵਿਚ ਜੁੜਿਆ ਹੋਇਆ ਹੈ। ਇਹ ਇਕ ਅਟੱਲ ਸੱਚਾਈ ਹੈ ਕਿ ਜੇਕਰ ਧਰਮ-ਚਿੰਤਨ ਸੁਘੜ ਤੇ ਸੁਜਾਨ ਪੁਰਸ਼ਾਂ ਦੇ ਹੱਥਾਂ ਵਿਚ ਹੋਵੇਗਾ ਤਾਂ ਮਾਨਵ ਸਮਾਜ ਦਾ ਸਿਰਜਨ ਤੇ ਪਾਲਣ-ਪੋਸ਼ਣ ਵੀ ਨਰੋਆ ਹੋਵੇਗਾ। ਪਰ ਜਦੋਂ ਗਿਆਨ ਦੇਣ ਵਾਲੇ ਆਗੂ ਹੀ ਅਗਿਆਨੀ ਅਤੇ ਅਨੈਤਿਕ ਰੁਚੀਆਂ ਦਾ ਸ਼ਿਕਾਰ ਹੋ ਜਾਣ ਜਾਂ ਨਿੱਜ-ਕਲਿਆਣ ਤੱਕ ਸੀਮਤ ਹੋ ਜਾਣ ਤਾਂ ਮਾਨਵ ਸਮਾਜ ਦਾ ਗ੍ਰਾਫ ਹੇਠਾਂ ਵੱਲ ਹੀ ਆਵੇਗਾ। ਸੱਚੀ ਗੱਲ ਤਾਂ ਇਹ ਹੈ ਕਿ ਅਜਿਹੀ ਪ੍ਰਸਥਿਤੀ ਵਿਚ ਮਾਨਵਤਾ ਅਤੇ ਧਰਮ ਦਾ ਆਪਸੀ ਰਿਸ਼ਤਾ ਹੀ ਟੁੱਟ ਜਾਂਦਾ ਹੈ ਜਿਸ ਦੇ ਫਲਸਰੂਪ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਸੰਗ ਹੀ ਗੁਆਚ ਜਾਂਦਾ ਹੈ। ਕੁਝ ਅਜਿਹੀ ਹੀ ਪ੍ਰਸਥਿਤੀ ਸੀ ਭਗਤ ਰਵਿਦਾਸ ਜੀ ਦੇ ਸਮਕਾਲੀ ਮਾਨਵ-ਸਮਾਜ ਦੀ ਜਿਸ ਵਿਚ ਦਲਿਤ ਵਰਗ ਦਾ ਬੁਰੀ ਤਰ੍ਹਾਂ ਸ਼ੋਸ਼ਣ ਕੀਤਾ ਜਾ ਰਿਹਾ ਸੀ।

ਭਗਤ ਰਵਿਦਾਸ ਜੀ ਦੇ ਸਮਕਾਲੀ ਸਮਾਜ ਦਾ ਧਰਮ-ਚਿੰਤਨ ਇਕ ਪਾਸੇ ਭੂਤਮੁਖੀ ਵਹਿਮਾਂ-ਭਰਮਾਂ ਦਾ ਸ਼ਿਕਾਰ ਸੀ ਅਤੇ ਦੂਜੇ ਪਾਸੇ ਭਵਿੱਖਮੁਖੀ ਲਾਰੇ-ਲੱਪੇ ਲਾਉਣ ਤੋਂ ਇਲਾਵਾ ਕੁਝ ਵੀ ਨਹੀਂ ਸੀ, ਜਿਸ ਕਰਕੇ ਅਧਿਆਤਮਕ ਕਦਰਾਂ-ਕੀਮਤਾਂ ਪੂਰੀ ਤਰ੍ਹਾਂ ਖੜੋਤ-ਗ੍ਰਸਤ ਸਨ। ਲੋਕ-ਮਾਨਸ ਦੀ ਚੇਤਨਾ ਵਿਚ ਪ੍ਰਭੂ-ਭਗਤੀ ਮਨਫ਼ੀ ਸੀ ਅਤੇ ਨਿੱਜ-ਭਗਤੀ ਦਾ ਬੋਲਬਾਲਾ ਸੀ। ਅਧਿਆਤਮਕ ਖੇਤਰ ਤੋਂ ਇਲਾਵਾ ਸਮਾਜਕ, ਆਰਥਕ ਅਤੇ ਰਾਜਨੀਤਕ ਖੇਤਰ ਵਿਚ ਵੀ ਮਾਨਵ-ਜੀਵਨ ਅਸੰਤੁਲਤ (unbalanced) ਅਤੇ ਉਖੜਿਆ ਹੋਇਆ ਸੀ। ਇਸ ਸੰਦਰਭ ਵਿਚ ਦਲਿਤ ਵਰਗ ਦਾ ਜੀਵਨ ਮੌਤ ਨਾਲੋਂ ਵੀ ਭੈੜਾ ਸੀ ਜੋ ਜ਼ੁਲਮ ਸਿਤਮ ਦੇ ਦੋ ਪੁੜਾਂ ਵਿਚਕਾਰ ਬੁਰੀ ਤਰ੍ਹਾਂ ਪੀਸਿਆ ਜਾ ਰਿਹਾ ਸੀ। ਇਸ ਦਾ ਕਾਰਨ ਸੀ ਦੇਸ਼ ਦੀ ਵਾਂਗਡੋਰ ਵਿਦੇਸ਼ੀ ਹਾਕਮਾਂ ਦੇ ਹੱਥ ਵਿਚ ਹੋਣੀ ਜੋ ਤਲਵਾਰ ਦੇ ਜ਼ੋਰ ਨਾਲ ਇਕ ਪਾਸੇ ਦੇਸ਼ ਦੀ ਧਨ-ਦੌਲਤ ਲੁੱਟ ਰਹੇ ਸਨ ਅਤੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾ ਰਹੇ ਸਨ। ਦੂਜੇ ਪਾਸੇ ਦੇਸ਼ ਦੇ ਹਿੰਦੂ ਰਾਜੇ ਆਪਸੀ ਫੁੱਟ ਦਾ ਸ਼ਿਕਾਰ ਹੋਣ ਕਾਰਨ ਵਿਦੇਸ਼ੀ ਹਕੂਮਤ ਦੀ ਸਿਰਦਾਰੀ ਪ੍ਰਵਾਨ

ਕਰਕੇ, ਬਦਲੇ ਵਿਚ ਅਯਾਸ਼ੀ ਭਰਿਆ ਜੀਵਨ ਬਤੀਤ ਕਰਨ ਲਈ ਦਲਿਤ ਵਰਗ ਦੀਆਂ ਹੱਡੀਆਂ ਚੂਸ ਰਹੇ ਸਨ। ਹੈਰਾਨੀਜਨਕ ਤੱਥ ਇਹ ਹੈ ਕਿ ਦਲਿਤ ਵਰਗ ਨੂੰ ਲੁੱਟਣ ਲਈ ਦੋਵਾਂ ਕੌਮਾਂ ਦੇ ਹਾਕਮ ਤੇ ਪੁਜਾਰੀ ਇਕ ਦੂਜੇ ਦੇ ਸਹਾਇਕ ਬਣੇ ਹੋਏ ਸਨ। ਡਾ. ਈਸ਼ਵਰੀ ਪ੍ਰਸ਼ਾਦਿ ਠੀਕ ਹੀ ਲਿਖਦੇ ਹਨ ਕਿ:

ਸ਼ਾਸ਼ਨ ਕੇ ਰੂਪ ਮੇਂ ਸੀਜ਼ਰ ਵ ਪੋਪ ਦੋਨੋਂ
ਇਕੱਠ੍ਰ ਹੋ ਗਏ ਥੇ।

ਸ੍ਰੀ ਕੇ.ਐੱਮ. ਮੁਨਸ਼ੀ ਭਗਤ ਰਵਿਦਾਸ ਜੀ ਦੇ ਤਤਕਾਲੀ ਸਮਾਜ ਦੀ ਵਿਵਸਥਾ ਬਾਰੇ ਲਿਖਦੇ ਹਨ ਕਿ–

ਇਸ ਸਮੇਂ ਸਦੀਓਂ ਸੇ ਇਕੱਠ੍ਰ ਕੀ ਗਈ ਧਨ ਔਰ ਸੰਪਤੀ ਲੂਟ ਕਾ ਵਿਸ਼ਾ ਬਨੀ, ਔਰਤੋਂ ਕਾ ਅਪਹਰਨ ਔਰ ਬਲਾਤਕਾਰ, ਅਰਾਜਕਤਾ ਜੀਵਨ ਕਾ

ਹਿੱਸਾ ਬਨ ਗਿਆ ਥਾ।
ਇਸਲਾਮ ਕਾ ਪਰਚਮ ਚਾਰੋਂ ਓਰ ਲਹਿਰਾਨੇ ਲਗਾ।

ਕੁਝ ਇਸ ਤਰ੍ਹਾਂ ਦੀ ਹੀ ਤਸਵੀਰ ਸ੍ਰੀ ਸਤਿਆ ਕੇਤੂ ਵਿਦਿਆਲੰਕਾਰ ਦਿਖਾਉਂਦੇ ਹਨ ਕਿ –

ਨਾਰੀਓਂ ਕੇ ਸਤ ਕੋ ਭ੍ਰਸ਼ਟ ਕਰਨਾ ਔਰ ਇਸਲਾਮ ਧਰਮ ਕੋ ਸਵੀਕਾਰ ਕਰਨੇ ਕੇ ਲੀਏ ਵਿਵਸ਼ ਕਰਨਾ ਉਸ ਸਮੇਂ ਕੇ ਕਰੂਰ ਸ਼ਾਸਕੋਂ ਔਰ ਮੰਤਰੀਓਂ ਕਾ ਦੈਨਿਕ ਚਰਯਾ ਥਾ।

ਧਰਮ–ਖੇਤਰ ਵਿਚ ਵਿਭਿੰਨ ਮੱਤ–ਮਤਾਂਤਰਾਂ ਦੀਆਂ ਪੂਜਾ ਵਿਧੀਆਂ ਤੇ ਕਰਮਕਾਂਡਾਂ ਕਾਰਨ ਹੋਂਦ 'ਚ ਆਈ ਧਰਮ ਵੰਡ ਦੀ ਤਸਵੀਰ ਤਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਰਚਨਾ ਵਿਚੋਂ ਵੀ ਭਲੀ ਪ੍ਰਕਾਰ ਵੇਖੀ ਜਾ ਸਕਦੀ ਹੈ :

ਕਾਹੂ ਲੈ ਪਾਹਨ ਪੂਜ ਧਰਯੋ ਸਿਰ
ਕਾਹੂ ਲੈ ਲਿੰਗ ਗਰੇ ਲਟਕਾਇਓ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ
ਕਾਹੂ ਪਛਾਹ ਕੋ ਸੀਸੁ ਨਿਵਾਇਓ॥
ਕੋਊ ਬੁਤਾਨ ਕੋ ਪੂਜਤ ਹੈ ਪਸੁ
ਕੋਊ ਮ੍ਰਿਤਾਨ ਕੋ ਪੂਜਨ ਧਾਇਓ॥
ਕੂਰ ਕ੍ਰਿਆ ਉਰਝਿਓ ਸਭਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥

(ਤ੍ਰਪ੍ਰਸਾਦਿ ਸਵੱਯੇ)

ਸਮਾਜ ਦਾ ਉਪਰੋਕਤ ਵਰਣਨ ਰੂਪ ਸਿੱਧ ਕਰਦਾ ਹੈ ਕਿ ਇਸ ਸਮੇਂ ਦੇ ਮਾਨਵ ਦੀ ਬਿਰਤੀ ਦਾ ਇਕੋ ਇਕ ਸਰੋਕਾਰ ਸੀ ਕਿ ਹਰ ਉਚਿਤ ਅਨਉਚਿਤ ਢੰਗ ਨਾਲ ਮਾਨਵੀ ਸਮਾਜ ਦੇ ਹਰ ਖੇਤਰ ਵਿਚ ਜ਼ਰ, ਜ਼ੋਰੂ ਤੇ ਜ਼ਮੀਨ ਉੱਤੇ ਕਬਜ਼ਾ ਕਰਨਾ। ਨਿੱਜ–ਲਾਭ ਦੀ ਇਸ ਹਵਸ ਨੇ ਮਾਨਵੀ–ਰਿਸ਼ਤੇ ਦੀ ਸਾਂਝ ਮਨਫ਼ੀ ਕਰ ਦਿੱਤੀ ਹੋਈ ਸੀ। ਬੇਸ਼ੱਕ ਅਜੋਕੇ ਦੌਰ ਵਿਚ ਵੀ ਇਹ ਰੁਚੀ ਵਧੇਰੇ ਪ੍ਰਚੰਡ ਹੋ ਰਹੀ ਹੈ ਅਤੇ ਇਸ ਦੇ ਵਿਰੋਧ ਦੀ ਸੰਭਾਵਨਾ ਵੀ ਨਹੀਂ ਦਿਸ ਰਹੀ। ਇਸ ਦੇ ਨਾਲ ਹੀ ਅੰਸ਼–ਵੰਸ, ਕੁਲ ਪਰੰਪਰਾ, ਜਾਤੀਵਾਦ, ਕਰਮ–ਕਾਂਡ, ਰੂਪ ਰੰਗ, ਲਿੰਗ ਭੇਦ ਦੀ ਵਿਤਕਰੇ ਭਰੀ ਵੰਡ ਨੇ ਮਾਨਵ–ਸਮਾਜ ਦੀ ਆਪਸੀ ਸਾਂਝ ਨੂੰ ਬਖੇਰ ਕੇ ਰੱਖ ਦਿੱਤਾ ਸੀ। ਚਤੁਰ ਵਰਣ ਵਿਵਸਥਾ ਦਾ ਤਾਣਾ–ਪੇਟਾ ਇਸ ਪ੍ਰਕਾਰ ਦਾ ਸੀ ਕਿ ਉਸ ਨੇ ਦਲਿਤ–ਵਰਗ ਨੂੰ ਸੰਤਾਪ ਦੀ ਭੱਠੀ ਵਿਚ ਇਸ ਤਰ੍ਹਾਂ ਝੋਕਿਆ ਹੋਇਆ ਸੀ ਕਿ ਉਨ੍ਹਾਂ ਨੂੰ ਨਾ ਜਿਉਂਦਿਆਂ ਵਿਚ ਤੇ ਨਾ ਹੀ ਮਰਿਆਂ ਵਿਚ ਸ਼ੁਮਾਰ ਕੀਤਾ ਜਾ ਸਕਦਾ ਸੀ। ਇਸ ਵਿਵਸਥਾ ਅਧੀਨ ਛੂਆ–ਛਾਤ ਇਤਨੀ ਪ੍ਰਬਲ ਸੀ ਕਿ ਇਕ ਪਾਸੇ ਤਾਂ ਗਊ ਦੇ ਮਲ–ਮੂਤਰ ਨਾਲ ਨਵ–ਜੰਮੇ ਬੱਚੇ ਦਾ ਜਨਮ ਸੰਸਾਕਰ ਅਤੇ ਚੁੱਲ੍ਹਾ ਚੌਂਕਾ ਪਵਿੱਤਰ ਕੀਤਾ ਜਾਂਦਾ ਪਰ ਦੂਜੇ ਪਾਸੇ ਇਨ੍ਹਾਂ ਦੀ ਸੇਵਾ ਕਰਨ ਵਾਲੇ ਦਲਿਤ ਵਰਗ ਨੂੰ ਅਛੂਤ ਗਰਦਾਨ ਕੇ ਉਸ ਦੀ ਛੂਹ ਤੇ ਪਰਛਾਈ ਵਾਲੀ ਵਸਤ ਭਿੱਟੀ ਹੋਈ ਅਪਵਿੱਤਰ ਮੰਨਦਿਆਂ ਬਦਲੇ ਵਿਚ ਦਲਿਤ ਨੂੰ ਫਿਟਕਾਰਿਆ, ਦੁਰਕਾਰਿਆ, ਤ੍ਰਿਸਕਾਰਿਆ ਤੇ ਮਾਰਿਆ ਜਾਂਦਾ। ਅਜਿਹੀ ਵਿਵਸਥਾ ਨੇ ਦਲਿਤ ਵਰਗ ਨੂੰ ਠੀਕ ਸਮਝਣ ਸੋਚਣ ਦੇ ਸਮਰੱਥ ਵੀ ਨਾ ਰਹਿਣ ਦਿੱਤਾ। ਕਿਉਂਕਿ ਜੇਕਰ ਉਹ ਆਪਣਾ ਨਾਤਾ ਹਿੰਦੂ ਧਰਮ ਨਾਲ ਜੋੜਦਾ ਸੀ ਤਾਂ ਉਸ ਨੂੰ ਪ੍ਰਾਪਤ ਹੁੰਦਾ ਸੀ ਨਿੱਕੀ–ਨਿੱਕੀ ਗੱਲ ਬਦਲੇ ਤ੍ਰਿਸਕਾਰ ਤੇ ਧਿਰਕਾਰ ਜਿਸ ਦੇ ਫਲਸਰੂਪ ਉਹ ਹਮੇਸ਼ਾ ਹੀਨ–ਭਾਵਨਾ ਦਾ ਸ਼ਿਕਾਰ ਰਹਿੰਦਾ। ਪਰ ਜੇਕਰ ਉਹ ਲਾਲਚ ਵੱਸ ਇਸਲਾਮ ਧਰਮ ਨਾਲ ਜੁੜ ਜਾਂਦਾ ਸੀ ਤਾਂ ਬਿਗਾਨਾਪਨ ਤੇ ਆਰਥਕ ਮੰਦਹਾਲੀ ਉਥੇ ਵੀ ਉਸ ਦਾ ਪਿੱਛਾ ਨਹੀਂ ਸੀ ਛੱਡਦੀ। ਇਸ ਤਰ੍ਹਾਂ ਉਸਦੀ ਬਿਰਤੀ ਦਿਨ–ਬ–ਦਿਨ ਰੋਗੀ ਬਣਦੀ ਜਾ ਰਹੀ ਸੀ। ਇਹ ਇਕ ਅਟੱਲ ਸੱਚਾਈ ਹੈ ਕਿ ਹਰੇਕ ਵਿਅਕਤੀ ਤਤਕਾਲੀਨ ਪ੍ਰਸਥਿਤੀਆਂ ਤੋਂ ਪ੍ਰਭਾਵਤ ਹੁੰਦਾ ਹੈ ਅਤੇ ਉਸ ਦੇ ਵਿਕਾਸ ਤੇ ਵਿਨਾਸ਼ ਵਿਚ ਵੱਡੀ ਭੂਮਿਕਾ ਨਿਭਾਉਂਦਾ ਹੈ – ਤਤਕਾਲੀ ਸਮਾਜ। ਇਸ ਲਈ ਰੋਗੀ–ਬਿਰਤੀਆਂ ਦਾ ਸ਼ਿਕਾਰ ਮਾਨਵ, ਵਿਕਾਸ ਗਤੀ ਵਾਲੇ ਮਾਨਵ–ਸਮਾਜ ਦਾ ਵਿਕਸਿਤ ਨਿਰਮਾਣ ਕਰਨ ਦੇ ਯੋਗ ਨਹੀਂ ਹੋਇਆ ਕਰਦਾ। ਸੁੱਚੀਆਂ ਕਦਰਾਂ–ਕੀਮਤਾਂ ਵਾਲੇ ਸਮਾਜ ਦਾ ਨਿਰਮਾਣ–ਕਾਰਜ, ਅਰੋਗ ਰੁਚੀਆਂ ਵਾਲੇ ਮਾਨਵ ਹੀ ਕਰ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਦੇ ਅੰਕਤ ੪੦ ਸ਼ਬਦ ਇਸ ਤੱਥ ਨੂੰ ਉਭਾਰਦੇ ਹਨ ਕਿ ਭਗਤ ਜੀ ਨੇ ਦਲਿਤ ਵਰਗ ਦੀ ਰੋਗੀ ਬਿਰਤੀ ਨੂੰ ਅਰੋਗ ਕਰਨ ਲਈ ਉਨ੍ਹਾਂ ਵਿਚੋਂ ਹੀਨ ਭਾਵਨਾ ਨੂੰ ਖਤਮ ਕਰਨ ਹਿਤ ਆਪਣੀ ਅਲਾਹੀ ਬਾਣੀ ਦੇ ਮਿੱਠੜੇ ਬੋਲਾਂ ਨਾਲ ਉਸ ਸਮੇਂ ਦੇ ਮਹਾਂ–ਪੰਡਤਾਂ ਨੂੰ ਆਪਣੇ ਚਰਨਾਂ ਉੱਤੇ ਸੀਸ ਝੁਕਾਉਣ ਲਈ ਮਜਬੂਰ ਕਰ ਦਿੱਤਾ।

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥

(ਮਲਾਰ ਰਵਿਦਾਸ ਜੀ, ਪੰਨਾ ੧੨੯੩)

ਭਗਤ ਰਵਿਦਾਸ ਜੀ ਇਸ ਤੱਥ ਨੂੰ ਭਲੀ ਪ੍ਰਕਾਰ ਸਮਝਦੇ ਹਨ ਕਿ ਦਲਿਤ–ਵਰਗਾਂ ਦੀ ਰੋਗੀ ਚੇਤਨਾ ਨੂੰ ਅਰੋਗ ਕੀਤੇ ਬਗੈਰ, ਸੁੱਚੀਆਂ ਕਦਰਾਂ–ਕੀਮਤਾਂ ਵਾਲੇ ਮਾਨਵ–ਸਮਾਜ ਦਾ ਨਿਰਮਾਣ ਕਾਰਜ ਹੋ ਹੀ ਨਹੀਂ ਸਕਦਾ। ਏਸੇ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਦਲਿਤ–ਚੇਤਨਾ ਦੇ ਕਾਰਜ ਨੂੰ ਪ੍ਰਥਮਤਾ ਦਿੱਤੀ।

ਏਥੇ 'ਦਲਿਤ–ਚੇਤਨਾ' ਬਾਰੇ ਵੀ ਸੰਖਿਪਤ ਚਰਚਾ ਕਰਨੀ ਤਰਕ ਸੰਗਤ ਲੱਗਦੀ ਹੈ ਤਾਂ ਜੋ ਇਸ ਦਾ ਮੰਤਵ–ਕਾਰਜ ਸਪੱਸ਼ਟ ਹੋ ਸਕੇ। ਮੇਰੇ ਵਿਚਾਰ ਅਨੁਸਾਰ 'ਦਲਿਤ–ਚੇਤਨਾ' ਦਾ ਮੁੱਖ ਮੰਤਵ ਮਨੁੱਖ ਦੀ ਸਮਾਜਕ ਬਰਾਬਰੀ ਨੂੰ ਉਭਾਰਨਾ ਅਤੇ ਮਾਨਵ–ਵੰਡ ਨੂੰ ਨਕਾਰਨਾ ਹੈ। ਦਲਿਤ ਚੇਤਨਾ ਦਾ ਆਸ਼ਾ, ਅਤੀਤਮੁਖੀ ਨਹੀਂ, ਭਵਿੱਖਮੁਖੀ ਹੋਇਆ ਕਰਦਾ ਹੈ।

ਇਹ ਮਾਨਵ-ਚੇਤਨਾ ਵਿਚੋਂ ਹੀਨ-ਭਾਵਨਾ ਨੂੰ ਮਿਟਾ ਕੇ, ਸੱਚ ਦੇ ਰੂਪ ਵਿਚ ਸੈਮਨ ਨੂੰ ਜਗਾ ਕੇ ਚੰਗੇਰੇ ਜੀਵਨ-ਮੁੱਲਾਂ ਨੂੰ ਤਲਾਸ਼ ਕਰਨ ਵਿਚ ਸਦਾ ਤਤਪਰ ਰਹਿੰਦੀ ਹੈ।

ਦਲਿਤ ਚੇਤਨਾ, ਹਾਰੇ ਹੋਏ ਮਨੁੱਖ ਨੂੰ ਸ਼ਕਤੀ ਪ੍ਰਦਾਨ ਕਰਕੇ ਉਸ ਦੇ ਅੰਦਰਲੇ ਸੱਚ ਨੂੰ ਉਜਾਗਰ ਕਰਦਿਆਂ ਉਸ ਨੂੰ ਸੱਚ ਦੀ ਪ੍ਰਾਪਤੀ ਹਿਤ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪ੍ਰੇਰਨਾ ਦਿੰਦੀ ਹੈ। ਇਥੇ 'ਦਲਿਤ' ਸ਼ਬਦ ਦੇ ਅਰਥ ਸਮਝਣੇ ਵੀ ਜ਼ਰੂਰੀ ਲੱਗਦੇ ਹਨ। 'ਦਲਿਤ' ਸ਼ਬਦ ਕਿਸੇ ਜਾਤੀ ਵਿਸ਼ੇਸ਼ ਦੇ ਦੁੱਖ ਦਰਦ ਜਾਂ ਸਮਾਜਕ ਵਿਵਸਥਾ ਦੀ ਕਰੂਰਤਾ ਦਾ ਹੀ ਲਖਾਇਕ ਨਹੀਂ ਸਗੋਂ ਇਕ ਵਿਵਸਥਾ ਪ੍ਰਤੀ ਵਿਚਾਰਧਾਰਕ ਅੰਦੋਲਨ ਦੇ ਸਰੂਪ ਨੂੰ ਵੀ ਨਿਸ਼ਚਿਤ ਕਰਦਾ ਹੈ। ਸੰਤ ਸਾਹਿਤ ਦੇ ਪ੍ਰਸਿੱਧ ਵਿਦਵਾਨ ਡਾ. ਮੈਨੇਜਰ ਪਾਂਡੇ ਠੀਕ ਹੀ ਆਖਦੇ ਹਨ ਕਿ –

ਅਗਰ ਦਲਿਤ ਕਾ ਅਰਥ
ਗ਼ੁਲਾਮੀ ਕੀ ਸਥਿਤੀ ਮੇਂ ਰਹਿਨੇ ਵਾਲੋਂ ਸੇ ਹੀ ਹੋਤਾ
ਤੋ ਉਸ ਮੇਂ ਗਾਂਧੀ ਜੀ ਕੇ ਹਰੀਜਨ,
ਇਸ ਦੇਸ਼ ਕੇ ਆਦਿਵਾਸੀ ਔਰ
ਇਸਤਰੀਆਂ ਸਭੀ ਸ਼ਾਮਿਲ ਹੋ ਜਾਤੀ ਹੈਂ,
ਲੇਕਨ ਜਬ ਮੈਂ 'ਦਲਿਤ' ਸ਼ਬਦ ਕਾ
ਪ੍ਰਯੋਗ ਕਰਤਾ ਹੂੰ ਤੋ ਮੇਰੇ ਧਯਾਨ ਮੇਂ ਦਲਿਤ
ਵੋਹ ਲੋਗ ਹੈਂ ਜਿਨ੍ਹੋਂ ਭਾਰਤ
ਵਰਣ-ਵਿਵਸਥਾ ਮੇਂ ਦਲਿਤ ਕਹਾ ਜਾਤਾ ਹੈ,
ਸਮਾਜ ਮੇਂ ਅਛੂਤ ਮਾਨਾ ਜਾਤਾ ਹੈ।

ਦਰਅਸਲ ਭਾਰਤੀ ਸਮਾਜ ਦਾ ਤਾਣਾ-ਪੇਟਾ ਕੁਝ ਇਸ ਤਰ੍ਹਾਂ ਦਾ ਬੁਣਿਆ ਹੋਇਆ ਹੈ ਜਿਥੇ ਅਖੌਤੀ ਨੀਵੀਂ ਜਾਤ ਦਾ ਮਨੁੱਖ, ਮਾਨਵ ਸਮਾਜ ਦੇ ਹਰ ਖੇਤਰ ਵਿਚ ਮਾਨਸਕ ਯਾਤਨਾਵਾਂ ਅਤੇ ਆਰਥਕ ਥੋੜ੍ਹਾਂ ਕਾਰਨ ਅਜਿਹੀ ਕਿਸਮ ਦੀ ਭਿਆਨਕ ਦਸ਼ਾ ਵਾਲਾ ਜੀਵਨ ਜਿਊਂਦਾ ਸੀ ਜੋ ਆਮ ਪੀੜਤ ਮਨੁੱਖ ਨਾਲੋਂ ਵੱਖਰੀ ਕਿਸਮ ਦਾ ਸੀ। ਉਹ ਇਕ ਅਜਿਹਾ ਦਲਿਆ ਮਨੁੱਖ ਹੁੰਦਾ ਸੀ ਤੇ ਹੈ ਜੋ ਹਰ ਪੱਧਰ 'ਤੇ ਅਣਗੌਲਿਆ ਰਹਿੰਦਾ। ਮੇਰੀ ਜਾਚੇ ਅਜਿਹਾ ਮਨੁੱਖ ਹੀ 'ਦਲਿਤ' ਹੈ।

ਆਦਿ ਕਾਲ ਵਿਚ ਵਰਣ-ਵਿਵਸਥਾ ਮਾਨਵ-ਘਿਰਣਾ ਪੈਦਾ ਕਰਨ ਵਾਲੀ ਨਹੀਂ ਸੀ ਸਗੋਂ ਇਸ ਦਾ ਆਰੰਭ ਸਮਾਜਕ ਭਲਾਈ ਅਤੇ ਕਿੱਤਾ-ਨਿਪੁੰਨਤਾ ਨੂੰ ਸਨਮੁਖ ਰੱਖ ਕੇ ਕੀਤਾ ਗਿਆ ਸੀ। ਪਰ ਸਮਾਂ ਬੀਤਣ 'ਤੇ ਪੁਜਾਰੀ ਅਤੇ ਹਾਕਮ ਵਰਗ ਦੀ ਖੁਦਗਰਜ਼ੀ, ਲੋਭ, ਲਾਲਚ ਅਤੇ ਆਕੜ ਨੇ ਇਸ ਸੰਸਥਾ ਨੂੰ ਦੂਸ਼ਿਤ ਕਰ ਦਿੱਤਾ। ਵਿੱਦਿਆ ਆਡੰਬਰ, ਆਰਥਕ ਲੁੱਟ-ਖੋਹ, ਦੂਸ਼ਤ ਅਣਮਨੁੱਖੀ ਸਮਾਜਕ ਵਰਤਾਰਾ, ਅਨੈਤਿਕ ਜੀਵਨ ਮੁੱਲ ਸਮਾਜ ਵਿਚ ਪੱਕੇ ਪੈਰੀਂ ਸਥਾਪਤ ਹੋ ਗਏ ਜਿਸ ਦੇ ਫਲਸਰੂਪ ਮਾਨਵ ਜੀਵਨ ਦੇ ਵਿਕਾਸਮਈ ਮੁੱਲਾਂ ਦੇ ਅਰਥ ਹੀ ਗੁਆਚ ਗਏ। ਊਚ-ਨੀਚ ਤੇ ਜਾਤੀਵਾਦ ਦੀ ਲਹਿਰ ਨੇ ਮਾਨਵ-ਸਮਾਜ ਦੀ ਚਿੱਟੀ ਚਾਦਰ ਲਹੂ-ਲੁਹਾਨ ਕਰ ਦਿੱਤੀ। ਇਥੋਂ ਤੱਕ ਕਿ ਧਰਮ-ਕਰਮ ਇਕ ਵਿਸ਼ੇਸ਼ ਵਰਗ ਦੀ ਅਜ਼ਾਰੇਦਾਰੀ ਬਣ ਕੇ ਰਹਿ ਗਿਆ ਅਤੇ ਹਕੂਮਤ 'ਤੇ ਕਬਜ਼ਾ, ਖੱਤਰੀਆਂ ਦਾ ਹੋ ਗਿਆ। ਇਸ ਵਿਵਸਥਾ ਵਿਚ ਸ਼ੂਦਰ ਅਥਵਾ ਦਲਿਤ ਪੂਰੀ ਤਰ੍ਹਾਂ ਅਣਫਿੱਟ ਸੀ। ਭਗਤ ਰਵਿਦਾਸ ਜੀ ਨੇ ਸਮਾਜ ਵਿਚ ਫੈਲੀ ਇਸ ਵਿਵਸਥਾ ਨੂੰ ਪਹਿਲਾਂ ਚੰਗੀ ਤਰ੍ਹਾਂ ਸਮਝਿਆ, ਵਿਚਾਰਿਆ ਅਤੇ ਫੇਰ ਇਸ ਦਾ ਸਮਾਧਾਨ ਪ੍ਰਸਤੁਤ ਕੀਤਾ।

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਦਾ ਪਹਿਲਾ ਕਾਰਜ ਸੀ ਮਾਨਵ-ਚੇਤਨਾ ਵਿਚ ਅਧਿਆਤਮਕ ਪੱਧਰ 'ਤੇ ਸੈ-ਚੇਤਨਾ ਦਾ ਉਭਾਰ ਪੈਦਾ ਕਰਨਾ ਅਤੇ ਉਨ੍ਹਾਂ ਦੀ ਪਤਨਮੁਖੀ ਚੇਤਨਾ ਨੂੰ ਜਾਗਰਿਕ ਕਰਨਾ। ਨਿਰਸੰਦੇਹ ਭਗਤ ਰਵਿਦਾਸ ਜੀ ਦਾ ਭਾਈਚਾਰਾ, ਇਕ ਅਜਿਹੇ ਗੰਧਲੇ ਮਾਹੌਲ ਵਿਚ ਰਹਿੰਦਾ ਸੀ ਜੋ ਮਰੇ ਹੋਏ ਪਸ਼ੂਆਂ ਨੂੰ ਢੋਣ ਦੀ ਕਾਰ ਕਰਦੇ ਸਨ। ਹਾਕਮਾਂ ਦੀ ਵਗਾਰ ਕਰਨੀ ਅਤੇ ਪੁਜਾਰੀਆਂ ਦੀ ਫਿਟਕਾਰ ਸਹਿਣੀ ਇਸ ਵਰਗ ਦਾ ਨਿੱਤ-ਕਰਮ ਸੀ। ਅਜਿਹੇ ਕਸ਼ਟ ਭਰੇ ਮਾਹੌਲ ਵਿਚ ਕਿਸੇ ਵਿਅਕਤੀ ਵੱਲੋਂ ਵਿਕਾਸ-ਮਾਰਗ 'ਤੇ ਤੁਰਨ ਦਾ ਹੌਂਸਲਾ ਕਰਨਾ ਬੜਾ ਕਠਨ ਕਾਰਜ ਹੈ, ਕ੍ਰਿਆਤਮਕ ਕਾਰਜ ਕਰਨ ਦੀ ਗੱਲ ਤਾਂ ਸੋਚੀ ਵੀ ਨਹੀਂ ਜਾ ਸਕਦੀ।

ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥
(ਮਲਾਰ ਰਵਿਦਾਸ ਜੀ, ਪੰਨਾ ੧੨੯੩)

ਪਰ ਇਹ ਚਮਤਕਾਰ ਕਰ ਵਿਖਾਇਆ ਰਵਿਦਾਸ ਜੀ ਨੇ ਹਾਕਮ ਜਮਾਤ ਤੋਂ ਨਿਰਭਉ ਹੋ ਕੇ ਅਤੇ ਪੁਜਾਰੀਆਂ ਦੇ ਫਤਵਿਆਂ ਤੋਂ ਪਿੱਠ ਕਰਕੇ ਆਪਣੀ ਅੰਮ੍ਰਿਤਮਈ ਬਾਣੀ ਦੇ ਇਨ੍ਹਾਂ ਬੋਲਾਂ ਨਾਲ ਕਿ :

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੁੰਗਵੈ ਸੋਈ॥
(ਸੋਰਠਿ ਰਵਿਦਾਸ ਜੀ, ਪੰਨਾ ੬੫੯)

ਭਾਵ ਜਦੋਂ ਹਰ ਪ੍ਰਾਣੀ ਵਿਚ ਉਹ ਇਕੋ ਇਕ ਪਰਮਾਤਮਾ ਆਪ ਵਿਦਮਾਨ ਹੈ ਅਤੇ ਉਸ ਨੂੰ ਆਪ ਹੀ ਭੋਗ ਰਿਹਾ ਹੈ ਤਾਂ ਫਿਰ ਮਾਨਵ-ਅੰਤਰ ਪਾੜ ਕੈਸਾ? ਇਥੋਂ ਤਕ ਆਪ ਜੀ ਨੇ ਪਰਮਾਤਮਾ ਨੂੰ ਸੰਬੋਧਤ ਹੁੰਦੇ ਆਖਿਆ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥
(ਸਿਰੀਰਾਗੁ, ਰਵਿਦਾਸ ਜੀ, ਪੰਨਾ ੯੩)

ਭਾਵ – ਹੇ ਪ੍ਰਭੂ! ਜਦੋਂ ਤੇਰੇ ਤੇ ਮੇਰੇ ਵਿਚਕਾਰ ਕੋਈ ਅੰਤਰ ਨਹੀਂ ਹੈ ਤਾਂ ਮਨੁੱਖ ਦੇ ਬਣਾਏ ਹੋਏ ਇਸ ਅੰਤਰ (ਵਰਣ-ਵੰਡ) ਦੀ ਕੀ ਸਾਰਥਕਤਾ ਰਹਿ ਜਾਂਦੀ ਹੈ? ਭਗਤ ਰਵਿਦਾਸ ਜੀ ਦੀ ਇਸ ਪਹੁੰਚ ਵਿਧੀ ਨੇ ਪ੍ਰਭੂ-ਭਗਤੀ ਦੇ ਕਿਵਾੜ ਹਰੇਕ ਵਿਅਕਤੀ ਲਈ ਖੋਲ੍ਹ ਦਿੱਤੇ ਅਤੇ ਲੋਕ-ਮਾਨਸ ਦੀ ਚੇਤਨਾ ਵਿਚ ਇਹ ਸਿਧਾਂਤ ਦ੍ਰਿੜ੍ਹ ਕਰ ਦਿੱਤਾ ਕਿ ਪਰਮਾਤਮਾ ਕੇਵਲ ਤੇ ਕੇਵਲ ਇਕ ਹੈ। ਉਹੋ ਸਭ ਦਾ ਸਿਰਜਨਹਾਰ, ਪਾਲਨਹਾਰ ਤੇ ਸੰਘਾਰਨਹਾਰ ਹੈ। ਉਸ ਪਰਮਾਤਮਾਂ ਦੀਆਂ ਨਜ਼ਰਾਂ ਵਿਚ ਵਰਣ-ਵੰਡ, ਧਰਮ-ਵੰਡ, ਸ਼੍ਰੇਣੀ-ਵੰਡ, ਲਿੰਗ ਭੇਦ ਵੰਡ ਆਦਿ ਕੋਈ ਕੀਮਤ ਨਹੀਂ ਰੱਖਦੀਆਂ। ਉਸ ਪਰਮਾਤਮਾਂ ਦੇ ਰੂਪ ਅਨੇਕ ਹੋ ਸਕਦੇ ਹਨ, ਨਾਮ ਅਨੇਕ ਹੋ ਸਕਦੇ ਹਨ ਪਰ ਉਸ ਦੀ ਪਰਮਜੋਤਿ ਇਕੋ ਇਕ ਹੈ। ਧਰਮ-ਖੇਤਰ ਵਿਚ ਭਗਤ ਰਵਿਦਾਸ ਜੀ ਦਾ ਇਹ ਅਜਿਹਾ ਪੈਂਤੜਾ ਸੀ ਜਿਸ ਨੇ ਵੱਡੇ-ਵੱਡੇ ਪੰਡਤਾਂ ਦੇ ਸਿਰ ਝੁਕਾ ਦਿੱਤੇ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਗਲਤਾਨ ਮਨੁੱਖਾਂ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਆਪ ਦਾ ਸੰਦੇਸ਼ ਸੀ :

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ॥
(ਆਸਾ ਰਵਿਦਾਸ ਜੀ, ਪੰਨਾ ੪੮੬)

ਦਿਨ ਰਾਤ ਧਨ-ਸੰਪਤੀ ਇਕੱਤਰ ਕਰਨ ਲਈ ਹਰ ਪ੍ਰਕਾਰ ਦੇ ਉਚਿਤ ਅਨਉਚਿਤ ਢੰਗ ਵਰਤਣ ਵਾਲੇ ਮਨੁੱਖ ਨੂੰ ਆਪ ਜੀ ਸੁਚੇਤ ਕਰਦੇ ਹਨ :

ਸੰਪਤਿ ਬਿਪਤਿ ਪਟਲ ਮਾਇਆ ਧਨੁ॥
ਤਾ ਮਹਿ ਮਗਨ ਹੋਤ ਨ ਤੇਰੋ ਜਨ॥
(ਆਸਾ ਰਵਿਦਾਸ ਜੀ, ਪੰਨਾ ੪੮੭)

ਭਗਤ ਰਵਿਦਾਸ ਜੀ ਦੀਆਂ ਨਜ਼ਰਾਂ ਵਿਚ ਪਰਮਾਤਮਾ ਨੂੰ ਖੁਸ਼ ਕਰਨ ਲਈ ਫੋਕੇ ਕਰਮਕਾਂਡ ਕਰਨ ਦੀ ਜੁਗਤ ਅਤੇ ਉਸ ਨੂੰ ਸੰਸਾਰੀ ਪਦਾਰਥ ਭੇਟ ਕਰਨ ਦੀਆਂ ਪੂਜਾ-ਪੱਧਤੀਆਂ ਕੋਈ ਸਾਰਥਕਤਾ ਨਹੀਂ ਰੱਖਦੀਆਂ ਕਿਉਂਕਿ ਇਨ੍ਹਾਂ ਨੂੰ ਵੱਖ-ਵੱਖ ਪੱਧਰਾਂ 'ਤੇ ਪਹਿਲਾਂ ਝੂਠਾ ਕਰ ਦਿੱਤਾ ਹੁੰਦਾ ਹੈ। ਸੱਚੀ-ਸੁੱਚੀ ਵਸਤ ਜੋ ਉਸ ਪਰਮਾਤਮਾਂ ਨੂੰ ਖੁਸ਼ ਕਰ ਸਕਦੀ ਹੈ ਉਹ ਹੈ ਕੇਵਲ ਉਸ ਨਾਲ ਕੀਤੀ ਜਾਣ ਵਾਲੀ ਸੱਚੀ-ਸੁੱਚੀ ਪ੍ਰੀਤ। ਏਸੇ ਲਈ ਭਗਤ ਰਵਿਦਾਸ ਜੀ ਸੱਚੀ ਪ੍ਰੀਤ ਦੀ ਗੱਲ ਕਰਦੇ ਹਨ :

ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥
(ਸੋਰਠਿ ਰਵਿਦਾਸ ਜੀ, ਪੰਨਾ ੬੫੯)

ਭਗਤ ਰਵਿਦਾਸ ਜੀ ਪ੍ਰੇਮ-ਜੁਗਤ ਨੂੰ ਬਹੁਤ ਹੀ ਮਹੱਤਤਾ ਦਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪ੍ਰੇਮ-ਭਗਤ ਇਕ ਐਸਾ ਬੰਧਨ ਹੈ ਜੋ ਪਰਮਾਤਮਾ ਨੂੰ ਵੀ ਵੱਸ ਕਰ ਲੈਂਦਾ ਹੈ :

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥
(ਸੋਰਠਿ ਰਵਿਦਾਸ ਜੀ, ਪੰਨਾ ੬੫੮)

ਇਸ ਸੰਸਾਰ ਵਿਚ ਪੈਦਾ ਹੋਏ ਫਾਨੀ ਮਨੁੱਖ ਨੂੰ ਆਪ ਜੀ ਸਾਵਧਾਨ ਕਰਦੇ ਹਨ ਕਿ ਜਿਹੜੇ ਤੂੰ ਉੱਚੇ ਮਹਿਲ ਮਾੜੀਆਂ ਉਸਾਰੇ ਹੋਏ ਹਨ, ਇਨ੍ਹਾਂ ਦੀ ਪ੍ਰਾਪਤੀ ਖਾਤਰ ਹਰ ਪ੍ਰਕਾਰ ਦੇ ਅਨਉਚਿਤ ਢੰਗ ਵਰਤੇ ਹਨ ਅਤੇ ਆਪਣੀਆਂ ਮਨਮਾਨੀਆਂ ਪੁਗਾਉਣ ਲਈ ਕੋਈ ਵੀ ਅਨੈਤਿਕ ਕਰਮ ਕਰਨ ਤੋਂ ਝਿਜਕ ਨਹੀਂ ਵਿਖਾਈ, ਸੱਚ ਤਾਂ ਇਹ ਹੈ ਕਿ ਇਹ ਸਭ ਕੁਝ ਇਥੇ ਹੀ ਰਹਿ ਜਾਣਾ ਹੈ, ਮਨੁੱਖ ਦੇ ਨਾਲ ਨਹੀਂ ਜਾਣਾ :

ਊਚੇ ਮੰਦਰ ਸਾਲ ਰਸੋਈ॥
ਏਕ ਘਰੀ ਫੁਨਿ ਰਹਨੁ ਨ ਹੋਈ॥
(ਸੂਹੀ ਰਵਿਦਾਸ ਜੀ, ਪੰਨਾ ੭੯੪)

ਕਿਉਂਕਿ ਵਾਸਤਵ ਵਿਚ ਹਰ ਇਨਸਾਨ ਇਸ ਸੰਸਾਰ ਵਿਚ ਇਕ ਸੀਮਤ ਆਯੂ ਲੈ ਕੇ ਪੈਦਾ ਹੁੰਦਾ ਹੈ ਅਤੇ ਇਕ ਮੁਸਾਫਰ ਵਾਂਗ, ਆਪਣੀ ਉਮਰ ਭੋਗ ਕੇ ਇਸ ਸੰਸਾਰ ਰੂਪੀ ਸਰਾਂ ਨੂੰ ਖਾਲੀ ਕਰ ਜਾਂਦਾ ਹੈ :

ਪ੍ਰਾਨੀ ਕਿਆ ਮੇਰਾ ਕਿਆ ਤੇਰਾ॥ ਜੈਸੇ ਤਰਵਰ ਪੰਖਿ ਬਸੇਰਾ॥
(ਸੋਰਠਿ ਰਵਿਦਾਸ ਜੀ, ਪੰਨਾ ੬੫੯)

ਏਸੇ ਲਈ ਆਪ ਜੀ ਇਸ ਮਨੁੱਖਾ ਜਨਮ ਨੂੰ ਦੁਲੱਭ ਆਖਦਿਆਂ ਮਨੁੱਖ ਨੂੰ ਸਾਵਧਾਨ ਕਰਦੇ ਹਨ :

ਕਿਆ ਤੂ ਸੋਇਆ ਜਾਗੁ ਇਆਨਾ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ॥
(ਸੂਹੀ ਰਵਿਦਾਸ ਜੀ, ਪੰਨਾ ੭੯੪)

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਵੱਲੋਂ ਆਪਣੀ ਬਾਣੀ ਵਿਚ ਪ੍ਰਸਤੁਤ ਕੀਤਾ ਗਿਆ 'ਬੇਗਮ ਪੁਰਾ ਸਹਰ ਕੋ ਨਾਉ' (ਗਉੜੀ ਰਵਿਦਾਸ ਜੀ, ਪੰਨਾ ੩੪੫) ਦਾ ਸੰਕਲਪ ਅੱਜ ਵੀ ਸਮੁੱਚੇ ਵਿਸ਼ਵ ਨੂੰ ਪਿਆਰ-ਭਰੀਆਂ ਗਲਵਕੜੀਆਂ ਪਾਉਣ ਦੇ ਸਮਰੱਥ ਹੋ ਸਕਦਾ ਹੈ, ਜੇਕਰ ਇਸ ਦੀ ਮੂਲ ਭਾਵਨਾ ਸਮਝ ਕੇ ਇਸ ਉਪਰ ਅਮਲ ਕੀਤਾ ਜਾਵੇ।

ਇਸ ਤਰ੍ਹਾਂ ਭਗਤ ਰਵਿਦਾਸ ਬਾਣੀ ਦਾ ਦਲਿਤ ਪ੍ਰਸੰਗ ਉਸ ਮਾਨਵ-ਸਮਾਜ ਦੀ ਆਧਾਰਸ਼ਿਲਾ ਰੱਖਦਾ ਹੈ ਜਿਥੇ ਧਰਮ-ਵੰਡ, ਵਰਣ-ਵੰਡ, ਸ਼੍ਰੇਣੀ-ਵੰਡ, ਨਸਲ-ਵੰਡ ਆਦਿ ਲਈ ਕੋਈ ਥਾਂ ਨਹੀਂ। ਆਪ ਜੀ ਦੀ ਸਮੁੱਚੀ ਬਾਣੀ ਵਿਚ ਇਕ ਵੀ ਅਜਿਹਾ ਸ਼ਬਦ ਪ੍ਰਾਪਤ ਨਹੀਂ ਹੁੰਦਾ ਜੋ ਕਿਸੇ ਵੀ ਪ੍ਰਾਣੀ ਦੇ ਮਨ ਮੰਦਰ ਨੂੰ ਠੇਸ ਪਹੁੰਚਾਉਣ ਦਾ ਕਾਰਨ ਬਣ ਸਕਦਾ ਹੋਵੇ। ਏਥੋਂ ਤਕ ਕਿ ਇਹ ਉਸ ਮਾਣ-ਮੱਤੇ ਵਰਗ ਨੂੰ ਵੀ ਪ੍ਰੇਮਮਈ ਬੋਲਾਂ ਨਾਲ ਸੰਬੰਧਿਤ ਹੁੰਦੇ ਹਨ ਜਿਨ੍ਹਾਂ ਦੀਆਂ ਸੰਕੀਰਨ ਰੁਚੀਆਂ ਕਾਰਨ ਦਲਿਤ ਵਰਗ ਨੂੰ ਸੰਤਾਪ ਭੋਗਣਾ ਪਿਆ। ਆਪ ਜੀ ਦੀ ਬਾਣੀ ਦਾ ਦਲਿਤ ਪ੍ਰਸੰਗ, ਮਾਨਵ-ਚੇਤਨਾ ਵਿਚ ਸ੍ਵੈਮਾਨ ਦਾ ਅਹਿਸਾਸ ਜਗਾ ਕੇ ਮਾਨਵ-ਭਾਈਚਾਰੇ ਨੂੰ ਪ੍ਰੇਮ-ਬੰਧਨ ਵਿਚ ਜੋੜਨ ਦਾ ਕਾਰਜ ਕਰਦਾ ਹੈ। ਆਪ ਜੀ ਦੀ ਬਾਣੀ ਵਿਚਲੀ ਪ੍ਰੇਮ-ਬੰਧਨ ਵਾਲੀ ਜੁਗਤ, ਅੱਜ ਵੀ ਮਾਨਵ-ਜੀਵਨ ਵਿਚ ਧਾਰਨ ਕਰਨ ਦੀ ਅਤਿਅੰਤ ਲੋੜ ਹੈ। ਅਜਿਹਾ ਕਰਨ ਨਾਲ ਹੀ ਵਿਸ਼ਵੀਕਰਨ ਦੇ ਅਜੋਕੇ ਯੁੱਗ ਵਿਚ ਨਿੱਜ ਲਾਭਾਂ ਲਈ ਵੱਡੀਆਂ-ਵੱਡੀਆਂ ਪੁਲਾਂਘਾਂ ਪੁੱਟਣ ਲਈ ਮਾਨਵ-ਸੋਚ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

• • •

ਖੋਹ ਕੇ ਖਾਣ ਵਾਲਿਆਂ ਦੇ ਕਦੇ ਢਿੱਡ ਨਹੀਂ ਭਰਦੇ,
ਤੇ ਵੰਡ ਕੇ ਖਾਣ ਵਾਲੇ ਕਦੇ ਭੁੱਖੇ ਨਹੀਂ ਰਹਿੰਦੇ।

ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

ਚਸ਼ਮਾ ਸ਼ਾਹੀ, ਨਿਸ਼ਾਤ ਅਤੇ ਸ਼ਾਲੀਮਾਰ ਬਾਗ : ਇਨ੍ਹਾਂ ਥਾਵਾਂ ਤੇ ਦਾਖਲਾ ਟਿਕਟ ਲੈ ਕੇ ਹੁੰਦਾ ਹੈ। ਚਸ਼ਮਾ ਸ਼ਾਹੀ ਇਕ ਬੜਾ ਹੀ ਸੁੰਦਰ ਅਤੇ ਖੁਲ੍ਹਾ ਪਿਕਨਿਕ ਸਪਾਟ ਹੈ। ਦੋ ਸਟੇਜਾਂ ਤੋਂ ਉੱਪਰ ਤੀਜੀ ਸਟੇਜ ਤੇ ਇਕ ਕੁਦਰਤੀ ਚਸ਼ਮਾ ਹੈ। ਜਿਸ ਵਿਚੋਂ ਬੜਾ ਸਾਫ਼ ਅਤੇ ਮਿੱਠਾ ਪਾਣੀ ਨਿਕਲ ਰਿਹਾ ਹੈ। ਇਹ ਪਾਣੀ ਕਈ ਰੋਗ ਵੀ ਦੂਰ ਕਰਦਾ ਹੈ। ਉਥੇ ਦਾ ਇਕ ਕਰਮਚਾਰੀ ਦਸ ਰਿਹਾ ਸੀ ਕਿ ਹਿੰਦੋਸਤਾਨ ਦੇ ਪਹਿਲੇ ਵਜ਼ੀਰੇ-ਆਜ਼ਮ ਜਵਾਹਰ ਲਾਲ ਨਹਿਰੂ ਇਸ ਚਸ਼ਮੇ ਦਾ ਪਾਣੀ ਮੰਗਵਾ ਕੇ ਪੀਆ ਕਰਦੇ ਸਨ। ਬੜੇ ਸੁੰਦਰ ਪੇੜ ਪੌਦੇ, ਗੁਲਾਬ ਅਤੇ ਹੋਰ ਕਈ ਪ੍ਰਕਾਰ ਦੇ ਰੰਗ ਬਿਰੰਗੇ ਫੁਲਾਂ ਨਾਲ ਕਿਆਰੀਆਂ ਭਰੀਆਂ ਪਈਆਂ ਸਨ। ਉਸੇ ਵੇਲੇ ਨਾਲ ਲਗਦੇ ਉਚੇ ਪਹਾੜਾਂ ਤੋਂ ਮੀਂਹ ਵਸਾਉਂਦੇ ਬੱਦਲ ਆ ਗਏ ਅਤੇ ਵਰਖਾ ਹੋਣ ਲੱਗ ਪਈ। ਅਸੀਂ ਤਾਂ ਚਨਾਰ ਦੇ ਇਕ ਵੱਡੇ ਰੁੱਖ ਹੇਠਾਂ ਚਲੇ ਗਏ ਪਰ ਬੱਚੇ ਬੈਟ ਬਾਲ ਖੇਡਦੇ ਰਹੇ। ਇਸ ਤੋਂ ਅੱਗੇ ਨਿਸ਼ਾਤ ਬਾਗ ਗਏ। ਇਹ ਬਾਗ ਪਹਾੜ ਵਿਚ ਪੌੜੀਆਂ ਕਟ ਕਟ ਕੇ ਬਣਾਇਆ ਲਗਦਾ ਹੈ। ਇਸ ਤੋਂ ਅਗੇ ਸ਼ਾਲੀਮਾਰ ਬਾਗ ਵਿਚ ਵੀ ਬੜੀ ਰੌਣਕ ਸੀ। ਇਹ ਬਾਗ ਬੜਾ ਹੀ ਖੁਲ੍ਹਾ ਅਤੇ ਕਈ ਸਟੇਜਾਂ ਵਿਚ ਹੈ। ਦਰਮਿਆਨ ਵਿਚ ਹਰ ਵੇਲੇ ਚਲਦੇ ਸਟੇਜਾਂ ਤੋਂ ਡਿਗਦੇ ਝਰਨੇ ਹਨ ਜੋ ਬਾਗ ਦੀ ਖੂਬਸੂਰਤੀ ਨੂੰ ਦੋਬਾਲਾ ਕਰਦੇ ਹਨ। ਵੱਡੇ-ਵੱਡੇ ਚਨਾਰ ਦੇ ਰੁਖ ਹਨ। ਕਿਹਾ ਜਾਂਦਾ ਹੈ ਕਿ ਇਹ ਰੁਖ ਮੁਗਲ ਬਾਦਸ਼ਾਹ ਜਹਾਂਗੀਰ ਨੇ ਆਪ ਲਵਾਏ ਸਨ ਅਤੇ ਇਹ ਈਰਾਨ ਤੋਂ ਲਿਆਂਦੇ ਗਏ ਸਨ। ਲੰਮੇ ਚੌੜੇ ਹਰੇ ਭਰੇ ਘਾਹਦਾਰ ਲਾਅਨ ਹਨ। ਹੇਠਲੀ ਸਟੇਜ ਤੇ ਪਾਣੀ ਦੇ ਫੁਹਾਰੇ ਵੀ ਚਲ ਰਹੇ ਸਨ। ਸੈਰ ਕਰਨ ਵਾਲਿਆਂ ਦੀ ਵੱਡੀ ਭੀੜ ਸੀ।

ਸ੍ਰੀਨਗਰ ਦੀ ਡਲ ਲੇਕ ਅਤੇ ਬਾਗਾਂ ਦੀ ਸੈਰ ਉਪਰੰਤ ਸ਼ਾਮ ਨੂੰ ਵਾਪਸ ਅਫ਼ਸਰ ਮੈੱਸ ਆਉਣ ਵੇਲੇ ਇਕ ਗੱਡੀ ਵਿਚ ਪਏ ਨੁਕਸ ਕਾਰਨ ਵਰਕਸ਼ਾਪ ਵਿਚ ਹੀ ਹਨ੍ਹੇਰਾ ਹੋ ਗਿਆ। ਸੁਰੱਖਿਆ ਗੇਟ ਤੇ ਦੂਰੋਂ ਹੀ ਇਸ ਕਾਰ ਦੇ ਡਰਾਈਵਰ ਨੂੰ ਟਾਰਚਾਂ ਨਾਲ ਚੈਲੰਜ ਕੀਤਾ ਅਤੇ ਬਾਹਰ ਨਿਕਲ ਕੇ ਹੈਂਡਜ਼ ਅਪ ਕਰਕੇ ਗੇਟ ਤੱਕ ਪੈਦਲ ਚੱਲ ਕੇ ਆਉਣ ਅਤੇ ਆਪਣੀ ਪਹਿਚਾਣ ਦੱਸਣ ਲਈ ਮਜਬੂਰ ਕੀਤਾ ਗਿਆ। ਕਾਰ ਵਿਚ ਬੈਠੇ ਬੱਚੇ ਸੁਰੱਖਿਆ ਦੀ ਇਕ ਛੋਟੀ ਜਿਹੀ ਝਲਕ ਵੇਖ ਕੇ ਸਹਿਮ ਗਏ।

ਗੁਲਮਰਗ : ਅਗਲੇ ਦਿਨ ਸ੍ਰੀਨਗਰ ਤੋਂ 53 ਕਿਲੋਮੀਟਰ ਦੂਰ ਗੁਲਮਰਗ ਦੀ ਸੈਰਗਾਹ ਵੇਖਣ ਗਏ। ਰਾਹ ਵਿਚ ਪੰਜਾਬ ਤੋਂ ਕਾਫੀ ਪਹਿਲਾਂ ਲੱਗੇ ਧਾਨ ਦੇ ਹਰੇ ਭਰੇ ਲਹਿਰਾਂਦੇ ਖੇਤਾਂ ਵਿਚ ਕਿਸਾਨ ਕੰਮ ਕਰਦੇ ਵੇਖੇ ਗਏ। ਏਥੇ ਕੋਈ ਟਿਊਬਵੈੱਲ ਨਜ਼ਰ ਨਹੀਂ ਆਇਆ। ਕੇਵਲ ਵਰਖਾ ਜਾਂ ਝਰਨਿਆਂ ਦੇ ਪਾਣੀ ਤੇ ਹੀ ਸਾਰੀ ਖੇਤੀ ਨਿਰਭਰ ਕਰਦੀ ਹੈ। ਗੁਲਮਰਗ ਵਿਖੇ ਯਾਤਰੀਆਂ ਦੀ ਵੱਡੀ ਭੀੜ ਸੀ। ਤਿੰਨਾਂ ਪਾਸਿਆਂ ਤੋਂ ਉੱਚੇ-ਉੱਚੇ ਦਿਉਦਾਰ ਦੇ ਰੁਖਾਂ ਨਾਲ ਢੱਕੇ ਪਹਾੜਾਂ ਨਾਲ ਘਿਰੀ ਹੋਈ ਹਰੀ ਭਰੀ ਸੈਰਗਾਹ ਹੈ। ਸਰਦੀਆਂ ਵਿਚ ਏਥੇ ਕਈ ਫੁਟ ਮੋਟੀ ਬਰਫ਼ ਦੀ ਤਹਿ ਜੰਮ ਜਾਂਦੀ ਹੈ। ਉਨ੍ਹਾਂ ਦਿਨਾਂ ਵਿਚ ਇਹ ਢਲਾਨਾਂ ਸਨੋ-ਸਕੀਇੰਗ ਅਤੇ ਹੋਰ ਬਰਫਾਨੀ ਖੇਡਾਂ ਲਈ ਪ੍ਰਸਿੱਧ ਹਨ। ਅਸੀਂ ਸਾਰਾ ਦਿਨ ਉਨ੍ਹਾਂ ਰੁਖਾਂ ਹੇਠ ਪਿਕਨਿਕ ਮਨਾਉਂਦੇ ਰਹੇ। ਬੱਚੇ ਬੈਟ ਬਾਲ ਖੇਡਦੇ ਰਹੇ। ਏਥੇ ਹੀ ਹਾਈ ਆਲਟੀਚਿਊਡ ਵਾਰਫੇਅਰ ਸਕੂਲ ਵੇਖਣ ਨੂੰ ਮਿਲਿਆ ਜਿਥੇ ਬੇਟੀ ਨਵਨੀਤ ਨੇ ਵੀ ਟਰੇਨਿੰਗ ਲਈ ਸੀ। ਕੋਲ ਹੀ ਹੈਲੀਪੈਡ ਤੇ ਦੋ ਹੈਲੀਕਾਪਟਰ ਲਾਈਨ ਆਫ਼ ਕੰਟਰੋਲ ਤੇ ਬੱਜਰੀ, ਸੀਮੈਂਟ ਅਤੇ ਹੋਰ ਫੈਨਸਿੰਗ ਦਾ ਸਾਮਾਨ ਲੈ ਜਾਣ ਲਈ ਖੜ੍ਹੇ ਸਨ। ਬੱਚਿਆਂ ਨੇ ਹੈਲੀਕਾਪਟਰ ਵਿਚ ਬੈਠ ਕੇ ਵੇਖਿਆ। ਗੁਲਮਰਗ ਤੋਂ ਅੱਗੇ ਬਰਫ਼ ਨਾਲ ਢੱਕੇ ਅਲਪੱਥਰ ਪਰਬਤ ਦੀ ਬਰਫਾਨੀ ਲੇਕ ਦੀ ਯਾਤਰਾ ਲਈ ਆਪਣੀ ਪਹਿਲੀ ਕਸ਼ਮੀਰ ਫੇਰੀ ਵੇਲੇ ਅਸੀਂ ਪੈਦਲ ਹਾਈਕਿੰਗ ਕਰਕੇ ਗਏ ਸਾਂ ਅਤੇ ਲੇਕ ਦੇ ਇਕ ਵੱਡੇ ਪੱਥਰ ਤੇ ਬੈਠ ਕੇ ਇਕ ਗਰੁੱਪ ਫੋਟੋ ਵੀ ਹੋਈ ਸੀ। ਪਰ ਹੁਣ ਕਸ਼ਮੀਰ ਦੇ ਹੋਏ ਵਿਕਾਸ ਸਦਕਾ ਮਾਡਰਨ ਗੰਡੋਲਾ ਕੇਬਲ ਕਾਰਾਂ ਅਲਪੱਥਰ ਪਰਬਤ ਅਤੇ ਹੋਰ ਦ੍ਰਿਸ਼ ਵੇਖਣ ਲਈ ਉਪਲਬਧ ਹਨ। ਏਥੇ ਮੇਰੇ ਮਨ ਵਿਚ ਕਲਪੱਤ ਕਸ਼ਮੀਰੀ ਅਤਿਵਾਦੀਆਂ ਦੀ ਸ਼ਕਲ ਵੀ ਵੇਖਣ ਨੂੰ ਮਿਲੀ। ਦੋ ਉੱਚੇ ਲੰਮੇ ਕਸ਼ਮੀਰੀ ਨੌਜਵਾਨ ਲੰਮੇ ਮੈਲੇ ਜਿਹੇ ਚੋਘੇ ਪਾਈਂ ਕੇਵਲ ਇਕ ਹੱਥ ਚੋਘੇ ਤੋਂ ਬਾਹਰ ਜਿਸ ਵਿਚ ਇਕ ਨੇ ਵਾਇਰਲੈੱਸ ਸੈੱਟ ਫੜਿਆ ਹੋਇਆ ਸੀ ਨਾਲ ਲਗਦੀ ਦੁਕਾਨ ਦੇ ਅੰਦਰ ਗਏ ਅਤੇ ਕੁਝ ਮਿੰਟਾਂ ਲਈ ਯਾਤਰੀਆਂ ਦੇ ਦੋ ਬੈਠੇ ਗਰੁੱਪਾਂ ਨੂੰ ਵੇਖਦੇ ਰਹੇ, ਖਾਸ ਕਰਕੇ ਕਰਨਲ ਅਤੇ ਉਸ ਨਾਲ ਬੈਠੇ ਬੇਟੇ ਜਸਵਿੰਦਰ ਨੂੰ। ਕੁਝ ਦੇਰ ਬਾਅਦ ਉਹ ਬਿਨਾਂ ਕੋਈ ਚੀਜ਼ ਖਰੀਦੇ ਉਸ ਦੁਕਾਨ ਤੋਂ ਬਾਹਰ ਚਲੇ ਗਏ।

(ਚਲਦਾ)

* * * * *

ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫਲੇ 'ਤੇ ਕਹਿਰੀ ਹਮਲਾ

ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ ਐਵਾਰਡੀ)



ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ ਹੈ ਜਾਂ ਇਸ ਕੌਮ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਹੈ ਉਹ ਇਸ ਤੱਥ ਤੋਂ ਬਾਖ਼ੂਬੀ ਵਾਕਿਫ਼ ਹੋਵੇਗਾ ਕਿ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਤੇ ਤਬਾਹੀ ਦੇ ਤੂਫ਼ਾਨ ਸਿੱਖਾਂ ਨੇ ਆਪਣੇ 'ਨੰਗੇ ਪਿੰਡੇ' 'ਤੇ ਹੰਢਾਏ ਹਨ, ਉਹ ਆਪਣੀ ਮਿਸਾਲ ਆਪ ਹਨ। ਹੈਰਾਨੀ ਦੀ ਗੱਲ ਹੈ ਕਿ ਤਬਾਹੀ ਮਚਾਉਂਦੇ 'ਝੱਖੜਾਂ ਤੇ ਤੂਫ਼ਾਨਾਂ' ਦੇ ਲੰਘ ਜਾਣ ਤੋਂ ਬਾਅਦ ਸਿੱਖ ਜਲਦੀ ਹੀ ਆਪਣੇ ਆਪ ਨੂੰ ਮੁੜ ਜਥੇਬੰਦ ਕਰ ਲੈਂਦੇ ਹਨ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ ਅਤੇ ਫਿਰ ਕਿਸੇ ਹੋਰ ਤੂਫ਼ਾਨ ਨੂੰ 'ਹਵਾਵਾਂ ਹੱਥ ਸੁਨੇਹੇ' ਭੇਜਣ ਲਗਦੇ ਹਨ। ਬਕੌਲ ਸ਼ਾਇਰ :

ਲੋ ਹਮ ਨੇ ਬਨਾ ਲੀਆ ਹੈ ਨਯਾ ਫਿਰ ਸੇ ਆਸ਼ੀਆਂ !

ਯੇ ਬਾਤ ਜਾ ਕੇ ਫਿਰ ਕਿਸੀ ਤੂਫ਼ਾਨ ਸੇ ਕਹੋ ! !

ਦੂਜੀ ਗੱਲ ਇਹ ਹੈ ਕਿ ਤਸੀਹੇ ਤੇ ਤਬਾਹੀ ਦੇ ਤੂਫ਼ਾਨਾਂ ਵਿਚੋਂ ਗੁਜ਼ਰਦਿਆਂ, ਸਿੱਖ ਦਰਿਆ ਵਾਂਗੂੰ ਆਪਣਾ ਰਸਤਾ ਆਪ ਬਣਾਉਣਾ ਜਾਣਦੇ ਹਨ। ਸਿੱਖਾਂ ਨੂੰ ਆਪਣਾ ਇਹ ਹੁਨਰ ਮਾਲੂਮ ਹੈ। ਤਾਹੀਉਂ ਤਾਂ ਉਹ ਦਾਅਵਾ ਕਰਦੇ ਹਨ ਕਿ :

ਹਮ ਭੀ ਦਰਿਆ ਹੈਂ, ਹਮੇਂ ਅਪਨਾ ਹੁਨਰ ਮਾਲੂਮ ਹੈ,

ਜਿਧਰ ਭੀ ਚਲ ਪੜੇਂਗੇ, ਰਸਤਾ ਹੋ ਜਾਏਗਾ।

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੱਖ ਕੌਮ ਦੇ ਸਿਰ 'ਤੇ ਮੁਸੀਬਤਾਂ ਦੇ ਝੱਖੜ ਝੁੱਲੇ, ਕਾਲੀਆਂ-ਬੋਲੀਆਂ ਹਨ੍ਹੇਰੀਆਂ ਦੇ ਝਾਂਜੇ ਵਗੇ, ਕਹਿਰ ਬਰਸਾਉਂਦੀਆਂ ਅਸਮਾਨੀ ਬਿਜਲੀਆਂ ਡਿੱਗੀਆਂ ਅਤੇ ਧਾਰਮਿਕ ਕੱਟੜਵਾਦ ਨੇ ਖ਼ੂਨ ਦੀ ਹੋਲੀ ਖੇਡੀ ਤਾਂ ਸਿੱਖ ਕੌਮ ਦਾ ਚਿਹਰਾ ਸਾਬਤ ਸੂਰਤ ਅਤੇ ਪਿੰਡਾ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਇਆ। ਗੱਲ ਕੀ, ਸਿੱਖਾਂ ਨੇ ਹਰ ਹਾਲ ਆਪਣੀ ਹਸਤੀ ਨੂੰ ਬਰਕਰਾਰ ਰੱਖਿਆ। ਡਾ. ਇਕਬਾਲ ਦਾ ਨਿਮਨ ਦਰਜ ਸ਼ਿਅਰ ਇਸ ਤਵਾਰੀਖੀ ਸੱਚਾਈ ਨੂੰ ਬਿਆਨ ਕਰਨ ਲਈ ਖ਼ੂਬ ਰਹੇਗਾ :

ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,

ਸਦੀਓਂ ਰਹਾ ਹੈ ਦੁਸ਼ਮਨ, ਦੌਰੇ ਜ਼ਮਾਂ ਹਮਾਰਾ।

ਉਂਝ ਤਾਂ ਲਹੂ ਨਾਲ ਲਥਪਥ ਸਿੱਖ ਇਤਿਹਾਸ ਆਪਣੀ ਬੁੱਕਲ ਵਿਚ ਅਜਿਹੀਆਂ ਬੇਮਿਸਾਲ ਗਾਥਾਵਾਂ, ਘਟਨਾਵਾਂ ਤੇ ਸ਼ਹੀਦੀ ਸਾਕਿਆਂ ਨੂੰ ਸਮੇਟੀ ਬੈਠਾ ਹੈ, ਜਿਨ੍ਹਾਂ ਨੂੰ ਪੜ੍ਹਨ ਤੇ ਸੁਣਨ ਵਾਲਾ ਵਿਅਕਤੀ ਆਪ-ਮੁਹਾਰੇ ਅਸ਼-ਅਸ਼ ਕਰ ਉੱਠਦਾ ਹੈ, ਪਰ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਸਿੱਖਾਂ ਉੱਪਰ ਇਕ ਕੌਮ ਦੇ ਰੂਪ ਵਿਚ ਢਾਹੇ ਗਏ ਹਨ, ਉਨ੍ਹਾਂ ਵਿਚ ਵੱਡੇ ਘੱਲੂਘਾਰੇ ਦਾ ਉੱਭਰਵਾਂ ਸਥਾਨ ਹੈ। ਉਂਝ ਵੀ ਇਹ ਘਟਨਾ ਵਿਸ਼ੇਸ਼ ਇਤਿਹਾਸਕ ਮਹੱਤਵ ਰੱਖਦੀ ਹੈ। ਇਸ ਘਟਨਾ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਲਾਮਬੰਦ ਹੋਣ ਲਈ ਠੋਸ ਆਧਾਰ ਮੁਹੱਈਆ ਕੀਤਾ। ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਸਿੱਖ ਰਾਜ ਦੀ ਕਾਇਮੀ ਲਈ ਰਾਹ ਮੋਕਲਾ ਕੀਤਾ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ 'ਤੇ ਲਗਪਗ ਦਸ ਹਮਲੇ ਕੀਤੇ। ਲੁੱਟਮਾਰ ਦਾ ਮਾਲ ਲੈ ਕੇ ਜਦੋਂ ਅਬਦਾਲੀ ਦੀ ਮੁੜਦੀ ਫ਼ੌਜ ਪੰਜਾਬ ਵਿਚੋਂ ਦੀ ਗੁਜ਼ਰਦੀ ਤਾਂ ਸਿੱਖ ਕਈ ਪਾਸਿਆਂ ਤੋਂ ਛਾਪੇ ਮਾਰ ਕੇ ਉਸ ਦੇ ਲੁੱਟ ਦੇ ਮਾਲ ਦਾ ਭਾਰ ਹੌਲਾ ਕਰ ਦਿੰਦੇ ਅਤੇ ਕੈਦੀ ਲੜਕੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰੋਂ-ਘਰੀਂ ਪਹੁੰਚਾ ਦਿੰਦੇ। ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੂੰ ਹਰ ਵੇਰ ਨਮੋਸ਼ੀ ਦਾ ਮੂੰਹ ਵੇਖਣਾ ਪੈਂਦਾ ਸੀ। ਆਖ਼ਿਰ, ਉਸ ਨੇ ਸਿੱਖਾਂ ਨਾਲ ਉਚੇਚੇ ਤੌਰ 'ਤੇ ਸਿੱਝਣ ਦਾ ਮਨ ਬਣਾ ਲਿਆ। ਉਸ ਨੇ ਜੋ ਹਮਲਾ 1762 ਈ. ਵਿਚ ਕੀਤਾ ਉਸ ਦਾ ਮੁੱਖ ਉਦੇਸ਼ ਸਿੱਖਾਂ ਦੀ ਸ਼ਕਤੀ ਨੂੰ ਨਸ਼ਟ ਕਰਨਾ ਸੀ ਅਬਦਾਲੀ ਦੇ ਇਸ ਸਿੱਖ ਵਿਰੋਧੀ ਹਮਲੇ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਹ ਉਸ ਦਾ ਛੇਵਾਂ ਹਮਲਾ ਸੀ। ਇਤਫ਼ਾਕਵੱਸ, ਇਹ ਅਠ੍ਹਾਰਵੀਂ ਸਦੀ ਦਾ ਉਹ ਕਾਲਾ ਦੌਰ ਸੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ।

ਇਸ ਵੇਰ ਅਬਦਾਲੀ, ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਯੋਜਨਾ ਬਣਾ ਕੇ 18,000 ਬਲੋਚ ਧਾੜਵੀਆਂ ਨਾਲ ਨਮਾਜ਼ ਅਦਾ ਕਰਕੇ ਤੁਰਿਆ ਸੀ। ਅਬਦਾਲੀ ਦੇ ਇਸ ਭਰਮਪੂਰਣ ਪ੍ਰਚਾਰ ਕਿ ਕਾਫ਼ਰਾਂ ਨੂੰ ਤੈਅ ਤੇਗ਼ ਕਰਨਾ ਮੱਕਾ ਸ਼ਰੀਫ਼ ਦੀ ਜ਼ਿਆਰਤ ਦੇ ਬਰਾਬਰ ਹੈ, ਤੋਂ ਪ੍ਰਭਾਵਤ ਹੋ ਕੇ ਕੁਝ ਹੋਰ ਸੈਨਿਕ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। ਇਸ ਤਰ੍ਹਾਂ 22,000 ਭੂਸਰੇ ਹੋਏ ਸੈਨਿਕਾਂ ਨਾਲ ਅਬਦਾਲੀ, ਜਨਵਰੀ 1762 ਈ. ਨੂੰ ਰਹੁਤਾਸ ਰਾਹੀਂ ਭਾਰਤ ਵਿਚ ਦਾਖ਼ਲ ਹੋਇਆ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅਬਦਾਲੀ ਅਤੇ ਉਸਦੇ ਸੈਨਿਕਾਂ ਦੇ ਹੌਂਸਲੇ ਬੁਲੰਦ ਸਨ, ਕਿਉਂਕਿ ਅਜੇ ਪਿਛਲੇ ਸਾਲ ਹੀ 14 ਜਨਵਰੀ, 1761 ਈ. ਨੂੰ ਪਾਣੀਪਤ ਦੀ ਤੀਜੀ

ਲੜਾਈ ਵਿਚ ਅਬਦਾਲੀ ਨੇ ਬਹਾਦਰ ਮਰਹਟਿਆਂ ਨੂੰ ਲੱਕ-ਤੋੜਵੀਂ ਸ਼ਿੱਕਸਤ ਦਿੱਤੀ ਸੀ।

ਲਾਹੌਰ 'ਤੇ ਕਬਜ਼ਾ ਕਰਨ ਉਪਰੰਤ ਅਬਦਾਲੀ ਨੇ ਸਿੱਖਾਂ ਨਲ ਟੱਕਰ ਲੈਣ ਲਈ ਲੁਧਿਆਣਾ ਵੱਲ ਕੂਚ ਕੀਤਾ। 4 ਫਰਵਰੀ, 1762 ਈ. ਨੂੰ ਉਹ ਲੁਧਿਆਣਾ ਪਹੁੰਚਿਆ ਅਤੇ 5 ਫਰਵਰੀ ਨੂੰ ਪਿੰਡ ਕੁੱਪ ਵਿਖੇ। ਪਿੰਡ ਕੁੱਪ, ਲੁਧਿਆਣਾ-ਧੂਰੀ ਰੇਲਵੇ ਲਾਈਨ 'ਤੇ ਮੰਡੀ ਅਹਿਮਦਗੜ੍ਹ ਤੇ ਮਾਲੇਰਕੋਟਲਾ ਸਟੇਸ਼ਨਾਂ ਵਿਚਕਾਰ ਸਥਿਤ ਹੈ। ਇਸ ਤਰ੍ਹਾਂ ਅਬਦਾਲੀ ਦੀਆਂ ਫ਼ੌਜਾਂ ਨੇ ਮਾਲੇਰਕੋਟਲਾ ਤੋਂ ਪੂਰਬ ਵੱਲ ਛੇ ਮੀਲ ਦੀ ਦੂਰੀ 'ਤੇ ਪਿੰਡ ਕੁੱਪ (ਕੁੱਪ-ਰਹੀੜਾ) ਲਾਗੇ ਸਿੱਖਾਂ ਨੂੰ ਘੇਰ ਲਿਆ। ਕੁਝ ਸਮੇਂ ਬਾਅਦ ਸਰਹਿੰਦ ਦਾ ਸੂਬੇਦਾਰ ਜ਼ੈਨ ਖ਼ਾਂ ਵੀ ਅਬਦਾਲੀ ਦੀ ਮਦਦ ਲਈ ਉੱਥੇ ਆ ਪਹੁੰਚਿਆ। ਕੁਝ ਹੋਰ ਸਥਾਨਕ ਮੁਗ਼ਲ ਨਵਾਬਾਂ ਨੇ ਵੀ ਅਹਿਮਦ ਸ਼ਾਹ ਅਬਦਾਲੀ ਦੀ ਮੱਦਦ ਕੀਤੀ।

ਸਿੱਖ ਉਸ ਵੇਲੇ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਸਮੇਤ ਵਹੀਰ ਦੀ ਸ਼ਕਲ ਵਿਚ ਕਿਸੇ ਸੁਰੱਖਿਅਤ ਥਾਂ ਵੱਲ ਸਫ਼ਰ ਕਰ ਰਹੇ ਸਨ। ਇਕ ਅੰਦਾਜ਼ੇ ਅਨੁਸਾਰ ਉਸ ਵੇਲੇ ਸਿੱਖਾਂ ਦੀ ਸੰਖਿਆ, ਇਸਤਰੀਆਂ ਤੇ ਬੱਚਿਆਂ ਸਮੇਤ ਲਗਪਗ 50,000 ਸੀ। ਦਰਅਸਲ, ਸਿੱਖ ਉਸ ਸਮੇਂ ਕੁੱਪ ਵਿਖੇ ਡੇਰਾ ਲਾਈ ਬੈਠੇ ਸਨ ਅਤੇ ਉਹ ਲੜਾਈ ਲਈ ਤਿਆਰ ਨਹੀਂ ਸਨ, ਸਿੱਖਾਂ ਕੋਲ ਤਾਂ ਉਸ ਸਮੇਂ ਪੂਰੇ ਹਥਿਆਰ ਵੀ ਨਹੀਂ ਸਨ।

ਸਿੱਖਾਂ ਦਾ ਅੰਦਾਜ਼ਾ ਸੀ ਕਿ ਅਬਦਾਲੀ ਉਨ੍ਹਾਂ ਤੱਕ 6 ਜਾਂ 7 ਫਰਵਰੀ ਤੋਂ ਪਹਿਲਾਂ ਨਹੀਂ ਪਹੁੰਚ ਸਕੇਗਾ। ਪਰ ਅਬਦਾਲੀ ਨੇ ਲਗਪਗ 150 ਮੀਲਾਂ ਦਾ ਸਫ਼ਰ ਦੋ ਦਿਨਾਂ ਵਿਚ ਮੁਕਾ ਕੇ ਸਿੱਖਾਂ ਨੂੰ 'ਹੱਥਾਂ ਪੈਰਾਂ ਦੀ ਪਾ ਦਿੱਤੀ' ਸੀ (ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਬਦਾਲੀ ਨੇ ਇਹ ਸਫ਼ਰ ਕੇਵਲ 36 ਘੰਟਿਆਂ ਵਿਚ ਤੈਅ ਕੀਤਾ)। ਜ਼ਾਹਿਰ ਹੈ, ਅਬਦਾਲੀ ਨੇ ਇਹ ਕਹਿਰੀ ਹਮਲਾ ਬਹੁਤ ਗੁਪਤ ਅਤੇ ਫ਼ੁਰਤੀ ਨਾਲ ਕੀਤਾ। ਹਾਲਾਤ ਸਿੱਖਾਂ ਦੇ ਹੱਕ ਵਿਚ ਨਾ ਹੋਣ ਦੇ ਬਾਵਜੂਦ ਦਲ ਖ਼ਾਲਸਾ ਨੇ ਡਟ ਕੇ ਮੁਕਾਬਲਾ ਕੀਤਾ। (ਸੰਨ 1748 ਈ. ਵਿਚ ਸਿੱਖਾਂ ਦੀ ਸਮੁੱਚੀ ਸੈਨਾ ਦਾ ਸੰਗਠਨ ਹੋ ਗਿਆ ਸੀ, ਜਿਸ ਨੂੰ 'ਦਲ ਖ਼ਾਲਸਾ' ਕਿਹਾ ਜਾਂਦਾ ਸੀ।)

5 ਫਰਵਰੀ, 1762 ਈ. ਨੂੰ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੇ ਪਿੰਡ ਕੁੱਪ ਲਾਗੇ ਸਿੱਖ ਵਹੀਰ ਨੂੰ ਘੇਰ ਲਿਆ ਅਤੇ ਸਿੱਖਾਂ 'ਤੇ ਜੋ ਕਹਿਰ ਵਾਪਰਿਆ ਉਸ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਭਿਆਨਕ ਸਥਿਤੀ ਵਿਚ ਦਲ ਖ਼ਾਲਸਾ ਦੀ ਕਮਾਂਡ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ), ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਸਿਆਮ ਸਿੰਘ ਆਦਿ ਵਰਗੇ ਮਹਾਨ ਜਰਨੈਲ ਕਰ ਰਹੇ ਸਨ। ਰਿਆਸਤ ਪਟਿਆਲਾ ਦੇ ਬਾਨੀ ਬਾਬਾ ਆਲਾ ਸਿੰਘ ਨੇ ਵੀ ਇਸ ਯੁੱਧ ਵਿਚ ਸਿੱਖਾਂ ਦੀ ਸਹਾਇਤਾ ਕੀਤੀ।

ਬੇਸ਼ੱਕ ਇਸ ਯੁੱਧ ਵਿਚ ਸਿੱਖਾਂ ਦਾ ਬੜਾ ਭਾਰੀ ਜਾਨੀ ਨੁਕਸਾਨ ਹੋਇਆ ਪਰ ਉਨ੍ਹਾਂ ਨੇ ਵੈਰੀਆਂ ਦੇ ਕਹਿਰੀ ਹਮਲਿਆਂ ਦਾ ਅਨੋਖੀ ਬਹਾਦਰੀ, ਦਲੇਰੀ ਅਤੇ ਹੌਂਸਲੇ ਨਾਲ ਮੁਕਾਬਲਾ ਕੀਤਾ, ਇੱਥੋਂ ਤੱਕ ਕਿ ਸਰਹਿੰਦ ਦੇ ਸੂਬੇਦਾਰ ਜ਼ੈਨ ਖ਼ਾਂ ਦੀ ਇਕ ਫ਼ੌਜੀ ਟੁਕੜੀ, ਜੋ ਸਿੱਖਾਂ ਨੂੰ ਮੂਹਰਿਉਂ ਘੇਰ ਰਹੀ ਸੀ, ਨੂੰ ਹਰਾ ਕੇ ਮਾਲੇਰਕੋਟਲਾ ਵੱਲ ਭਜਾ ਦਿੱਤਾ। ਸਿੱਖਾਂ ਦੀ ਅਦੁੱਤੀ ਤੇ ਬੇਮਿਸਾਲ ਬਹਾਦਰੀ ਦਾ ਜ਼ਿਕਰ ਕਰਦਿਆਂ ਡਾ. ਹਰੀ ਰਾਮ ਗੁਪਤਾ ਆਪਣੀ ਪੁਸਤਕ, 'ਏ ਹਿਸਟਰੀ ਆਫ਼ ਦੀ ਸਿੱਖਸ', 'ਭਾਗ 1, ਪੰਨਾ 172 ਉੱਤੇ ਲਿਖਦਾ ਹੈ, NOTHING COULD SURPASS THE HEROIC DARING, THE DOGGED TENACITY AND INVINCIBLE FORTITUDE OF THE SIKHS WHO HELD THEMSELVES WITH THEIR EXPOSED FLANKS AND OPEN REAR."

ਸਿੱਖਾਂ ਦੇ ਜਾਨੀ ਨੁਕਸਾਨ ਬਾਰੇ ਡਾ. ਐਨ.ਕੇ. ਸਿਨਹਾ ਅਤੇ ਡਾ. ਐੱਚ.ਆਰ. ਗੁਪਤਾ ਦਾ ਮਤ ਹੈ ਕਿ ਇਸ ਯੁੱਧ ਵਿਚ ਵੀਰਗਤੀ ਪ੍ਰਾਪਤ ਕਰਨ ਵਾਲੇ ਸਿੱਖਾਂ ਦੀ ਗਿਣਤੀ ਤਕਰੀਬਨ 12,000 ਸੀ, ਜਦੋਂ ਕਿ ਸਿੱਖ ਪੰਥ ਦੇ ਮਹਾਨ ਵਿਦਵਾਨ ਰਤਨ ਸਿੰਘ ਭੰਗੂ ਅਨੁਸਾਰ ਇਹ ਗਿਣਤੀ 30,000 ਸੀ। ਪਰ ਇਸ ਸਭ ਕਾਸੇ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿਚ ਰਹੇ ਅਤੇ ਉਨ੍ਹਾਂ ਨੇ ਅਬਦਾਲੀ ਦੀ ਪੇਸ਼ ਨਾ ਜਾਣ ਦਿੱਤੀ। ਅੰਤ, ਸਿੱਖਾਂ ਦੇ ਹੌਂਸਲੇ ਤੋਂ ਭੈਅ-ਭੀਤ ਹੋ ਕੇ ਉਹ, ਰਾਤ ਦੇ ਹਨ੍ਹੇਰੇ ਤੋਂ ਲਾਭ ਉਠਾਉਂਦਿਆਂ, ਪਹਿਲਾਂ ਲਾਹੌਰ ਚਲਿਆ ਗਿਆ ਅਤੇ ਫਿਰ ਅਫ਼ਗਾਨਿਸਤਾਨ ਦਾ ਰਾਹ ਫੜਿਆ। ਚੇਤੇ ਰਹੇ! ਬਾਅਦ ਵਿਚ ਉਸ ਨੇ ਜੋ ਹਮਲੇ ਕੀਤੇ ਉਹ ਉਸ ਦੀ ਕਮਜ਼ੋਰੀ ਦਾ ਢੰਡੋਰਾ ਸਨ, ਸ਼ਕਤੀ ਦਾ ਨਗਾਰਾ ਨਹੀਂ।

ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਵੱਡੇ ਘੱਲੂਘਾਰੇ ਵਰਗੇ ਕਹਿਰੀ ਤੂਫ਼ਾਨ ਦੇ ਲੰਘ ਜਾਣ ਤੋਂ ਬਾਅਦ ਸਿੱਖਾਂ ਨੇ ਅਗਲੇ ਵਰ੍ਹੇ ਹੀ ਸੰਨ 1763 ਈ. ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਰਹਿੰਦ 'ਤੇ ਮੁੜ ਕਬਜ਼ਾ ਕਰ ਲਿਆ ਸੀ ਅਤੇ ਵੱਡੇ ਘੱਲੂਘਾਰੇ ਵੇਲੇ ਅਬਦਾਲੀ ਦਾ ਸਾਥ ਦੇਣ ਵਾਲੇ ਜ਼ੈਨ ਖ਼ਾਂ (ਸੂਬਾ ਸਰਹਿੰਦ) ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਗੱਲ ਫਿਰ ਉਥੇ ਆ ਕੇ ਹੀ ਮੁੱਕਦੀ ਹੈ ਕਿ "ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ...।" ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਇਸ ਦੇ ਨਾਲ ਹੀ ਸਿੱਖ ਉਸ ਸ਼ਾਹ ਰਾਹ 'ਤੇ ਹੋ ਤੁਰੇ, ਜੋ ਉਨ੍ਹਾਂ ਨੂੰ ਸਿੱਧਾ ਸਿੱਖ ਰਾਜ ਦੀ ਕਾਇਮੀ ਵੱਲ ਲੈ ਜਾ ਰਿਹਾ ਸੀ।

● ● ●

ਜ਼ਿੰਦਗੀ ਨੂੰ ਖੁੱਲ੍ਹੀ ਕਿਤਾਬ ਨਾ ਬਣਾਓ, ਕਿਉਂਕਿ ਲੋਕਾਂ ਨੂੰ ਪੜ੍ਹਨ ਵਿਚ ਨਹੀਂ ਵਰਕੇ ਪਾੜ੍ਹਣ ਵਿਚ ਸੁਆਦ ਆਉਂਦਾ ਹੈ।

ਨਾਦਕ ਹੀ ਨਾਦਕ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਧਾਨ : ਫਾਲਤੂ ਬੋਲਣ ਦੀ ਲੋੜ ਨਹੀਂ। ਚੰਡੀਗੜ੍ਹ ਵਾਲੇ ਤੇਰੇ ਨਾਟਕਾਂ ਦੀ ਸਿਫਾਰਸ਼ ਨਹੀਂ ਕਰਦੇ। ਅੰਮ੍ਰਿਤਸਰ ਵਾਲਿਆਂ ਤੇਰਾ ਕਦੇ ਨਾਂ ਨਹੀਂ ਲਿਆ।

ਸਨਮ : ਉਹ ਇੱਕ ਪਾਸੇ ਕਹਿੰਦੇ ਨੇ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰੋ ਤੇ ਦੂਜੇ ਪਾਸੇ ਨਾਟਕ ਦੀ ਨਵੀਂ ਛਪੀ ਪੁਸਤਕ ਨੂੰ ਬਿਨਾਂ ਪੜ੍ਹੇ ਰੱਦੀ ਦੇ ਢੋਲ ਵਿਚ ਸੁੱਟ ਦਿੰਦੇ ਨੇ, ਇੰਜ ਉਹ ਨਾਟਕ ਵਿਧਾ ਦੀ ਵਡਮੁੱਲੀ ਸੇਵਾ ਕਰ ਰਹੇ ਨੇ!

ਪ੍ਰਧਾਨ : ਉਹ ਸੇਵਾ ਕਰ ਰਹੇ ਨੇ, ਉਹ ਸਾਡੇ ਸਾਥੀ ਨੇ।

ਸਨਮ : ਤੁਹਾਡੇ ਉਹਨਾਂ ਸਾਥੀਆਂ ਦੇ ਲਗਪਗ ਸਾਰੇ ਕਲਾਕਾਰ ਨਸ਼ਿਆਂ ਦੀ ਰੱਜ ਕੇ ਵਰਤੋਂ ਕਰਦੇ ਨੇ ਤੇ ਫਿਰ ਸਟੇਜ 'ਤੇ ਸੰਘ ਪਾੜ੍ਹ-ਪਾੜ੍ਹ ਲੋਕਾਂ ਦਾ ਦਰਦ ਪੇਸ਼ ਕਰਦੇ ਨੇ! ਕੀ ਤੁਹਾਨੂੰ ਕੋਈ ਪਤੈ?

ਸੈਕਟਰੀ : ਤੂੰ ਸਾਨੂੰ ਤੇ ਸਾਡੇ ਸਾਥੀਆਂ ਦੇ ਸਿਰ ਨੂੰ ਪੈ ਰਿਹੈਂ। ਜਾ ਦੌੜ ਜਾ, ਅਸੀਂ ਨਹੀਂ ਕਰੌਣਾ ਤੇਰਾ ਕੋਈ ਨਾਟਕ ਨੂਟਕ।

ਸਨਮ : ਨਾਟਕ ਨੂਟਕ? ਵਧੀਆ ਬੋਲ ਰਹੇ ਹੋ!

ਸੈਕਟਰੀ : ਜਾਂਦੈ ਕਿ ਮਾਰਾਂ ਵਾਜ ਬੰਦਿਆਂ ਨੂੰ?

ਸਨਮ : (ਕੁਰਸੀ ਤੋਂ ਉੱਠਦਾ ਹੋਇਆ) ਜਾ ਰਿਹਾਂ, ਪਰ ਯਾਦ ਰੱਖਿਓ ਤੁਸੀਂ ਕਿਸੇ ਦੀ ਆਵਾਜ਼ ਨੂੰ ਬੰਦ ਨਹੀਂ ਕਰ ਸਕਦੇ। ਮੇਰੇ ਨਾਟਕ ਇਸ ਭਵਨ ਵਿਚ ਨਹੀਂ ਤਾਂ ਨਾ ਸਹੀ..... ਮੈਂ ਤੁਹਾਡੀ ਸਲਤਨਤ ਉੱਪਰ ਵਿਅੰਗ ਕੱਸਾਂਗਾ ਤੇ ਫਿਰ ਪਿੰਡਾਂ, ਗਲੀਆਂ ਤੇ ਮੁਹੱਲਿਆਂ ਵਿਚ ਜਾ ਕੇ ਤੁਹਾਨੂੰ ਵੱਡੇ ਸ਼ਹੀਦਾਂ ਦੇ ਵਾਰਸਾਂ ਨੂੰ ਲੋਕਾਂ ਅੱਗੇ ਪੇਸ਼ ਕਰਾਂਗੇ।

ਪਿੱਛੋਂ ਗੀਤ ਦੀ ਆਵਾਜ਼ :

ਸ਼ਹੀਦਾਂ ਦਾ ਜੋ ਨਾਂ ਵਰਤਦੇ
ਭੇਖਾਂ ਦੇ ਇਹ ਵਪਾਰੀ ਨੇ।
ਲੋਕਾਂ ਸਾਹਵੇਂ ਹੰਸ ਬਣੇ ਨੇ
ਪਰ ਇਹ ਕਾਂ ਮਦਾਰੀ ਨੇ।
(ਹਨ੍ਹੇਰਾ ਹੋ ਜਾਂਦਾ ਹੈ)

(ਚਲਦਾ)

ਖੁਸ਼ਖ਼ਬਰੀ

ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।

ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਸੰਤ ਬਾਬਾ ਦਰਸ਼ਨ ਸਿੰਘ ਜੀ ਘਨੂੰਪੁਰ ਕਾਲਾ

ਇੱਕ ਧੁਰੋਂ ਬਖਸ਼ੀ ਆਤਮਾ, ਭਜਨ ਦੀ ਮੂਰਤੀ, ਨਾਮ ਬਾਣੀ ਦੇ ਰਸੀਏ, ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦੇ ਮੁਦਈ (ਸੰਤ ਬਾਬਾ ਦਰਸ਼ਨ ਸਿੰਘ ਜੀ) ਹਨ। ਆਪ ਜੀ ਦਾ ਸੁੰਦਰ ਅਸਥਾਨ ਅੰਮ੍ਰਿਤਸਰ ਸਾਹਿਬ ਜੀ ਦੇ ਨੇੜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਪਾਸ, ਜਿਹੜੀ ਸੜਕ ਬਾਈਪਾਸ ਵਾਘਾ ਬਾਰਡਰ ਨੂੰ ਜਾਂਦੀ ਹੈ, ਉਸ ਦੇ ਉੱਤੇ ਬੜੇ ਸ਼ਾਂਤ ਵਾਤਾਵਰਣ ਵਿੱਚ ਹੈ। ਇਥੇ ਨਾਮ ਬਾਣੀ ਦਾ ਪ੍ਰਵਾਹ ਚੱਲਦਾ ਹੈ। ਦੁਆਲੇ ਦੇ ਪਿੰਡਾਂ ਦੀਆਂ ਸੰਗਤਾਂ ਪੁੱਜ ਕੇ ਲਾਭ ਉਠਾਉਂਦੀਆਂ ਹਨ। ਹਰ ਐਤਵਾਰ ਸੰਗਤਾਂ ਦਾ ਭਾਰੀ ਇਕੱਠ ਹੋ ਜਾਂਦਾ ਹੈ। ਰਾਗੀ ਜਥੇ ਤੇ ਢਾਡੀ ਗੁਰਬਾਣੀ ਦਾ ਕੀਰਤਨ ਅਤੇ ਇਤਿਹਾਸਕ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਮਹਾਂਪੁਰਖਾਂ ਦੇ ਦਰਸ਼ਨ ਕਰਕੇ ਅਤੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਸੁੰਦਰ ਬਚਨ ਸੁਣ ਕੇ ਸੰਗਤਾਂ ਕਿਰਤਾਰਥ ਹੁੰਦੀਆਂ ਹਨ। ਗੁਰੂ ਦਾ ਲੰਗਰ ਅਟੁੱਟ ਵਰਤਦਾ ਹੈ। ਆਪ ਜ਼ਿਲ੍ਹਾ ਕਪੂਰਥਲਾ ਤੇ ਜ਼ਿਲ੍ਹਾ ਅੰਮ੍ਰਿਤਸਰ ਤੋਂ ਛੁੱਟ ਯੂ.ਪੀ., ਕੈਨੇਡਾ, ਇੰਗਲੈਂਡ, ਅਮਰੀਕਾ ਆਦਿ ਦੇਸ਼ਾਂ ਵਿਚ ਭੀ ਪੁੱਜ ਕੇ ਸਿੱਖੀ ਦਾ ਪ੍ਰਚਾਰ ਕਰਦੇ ਹਨ। ਆਪ ਆਪਣੇ ਪੈਰਾਂ ਤੇ ਕਿਸੇ ਨੂੰ ਮੱਥਾ ਨਹੀਂ ਟੇਕਣ ਦਿੰਦੇ। ਜਿਹੜਾ ਕੋਈ ਸ਼ਰਧਾਲੂ ਆਪ ਜੀ ਦਾ ਦਰਸ਼ਨ ਕਰਨ ਲਈ ਆਵੇ, ਉਸ ਨੂੰ ਆਪ ਦੂਰੋਂ ਹੀ ਫਤਹਿ ਬੁਲਾਉਣ ਲਈ ਪ੍ਰੇਰਨਾ ਕਰ ਦਿੰਦੇ ਹਨ। ਆਪ ਜੀ ਦਾ ਬੜਾ ਸਾਦਾ ਲਿਬਾਸ ਹੈ। ਖੱਦਰ ਦੇ ਹੀ ਬਸਤਰ ਪਾਉਂਦੇ ਹਨ। ਪੰਥ ਦੇ ਪ੍ਰਸਿੱਧ ਵਿਦਵਾਨ ਗਿਆਨੀ ਸੰਤ ਸਿੰਘ ਮਸਕੀਨ ਸਿੰਘ ਜੀ ਦਾ ਆਪ ਜੀ ਦੇ ਨਾਲ ਬਹੁਤ ਪਿਆਰ ਸੀ। ਮਸਕੀਨ ਜੀ ਅਲਵਰ ਵਿਚ ਇਕ ਬੜਾ ਭਾਰੀ ਗੁਰਮਤਿ ਸਮਾਗਮ ਕਰਦੇ ਹਨ। ਉਸ ਸਮਾਗਮ ਵਿਚ ਆਪ ਹਮੇਸ਼ਾ ਸ਼ਾਮਲ ਹੁੰਦੇ ਸਨ ਅਤੇ ਰੈਣ-ਸਬਾਈ ਕੀਰਤਨ ਵਿਚ ਸਾਰੀ ਰਾਤ ਚੌਕੜਾ ਲਾ ਕੇ ਕੀਰਤਨ ਦਾ ਆਨੰਦ ਮਾਣਦੇ ਸਨ। ਮਸਕੀਨ ਜੀ ਜਦੋਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਤੇ ਸ੍ਰੀ ਅੰਮ੍ਰਿਤਸਰ ਪੁੱਜ ਕੇ ਪੰਦਰਾਂ ਕੁ ਦਿਨ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਸਨ, ਉਦੋਂ ਆਪ ਰੋਜ਼ ਕਥਾ ਸੁਣਨ ਲਈ ਪੁੱਜਦੇ ਸਨ। ਆਪਣੇ ਡੇਰੇ ਤੋਂ ਮਸਕੀਨ ਜੀ ਅਤੇ ਉਨ੍ਹਾਂ ਦੇ ਰਾਗੀ ਜੱਥਿਆਂ ਲਈ ਬੜਾ ਸੁਆਦਿਸ਼ਟ ਲੰਗਰ ਬੜੇ ਪਿਆਰ ਨਾਲ ਤਿਆਰ ਕਰੇਕ ਲਿਆਉਂਦੇ ਸਨ ਅਤੇ ਆਪ ਭੀ ਇੱਥੇ ਆ ਕੇ ਮਸਕੀਨ ਜੀ ਦੇ ਨਾਲ ਹੀ ਲੰਗਰ ਛੱਕਦੇ ਸਨ। ਆਪ ਜੀ ਦੀ ਮਸਕੀਨ ਜੀ ਉੱਪਰ ਅਥਾਹ ਸ਼ਰਧਾ ਸੀ। ਮਸਕੀਨ ਜੀ ਦਾ ਭੀ ਆਪ ਜੀ ਦੇ ਨਾਲ ਬਹੁਤ ਪਿਆਰ ਸੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ, ਜਿਸ ਤਰ੍ਹਾਂ ਕਿ ਧੁਰੋਂ ਬਖਸ਼ੀਆਂ ਆਤਮਾਵਾਂ ਦਾ ਇਸ ਜਨਮ ਵਿਚ ਮਿਲਾਪ ਹੋਇਆ ਹੋਵੇ।

ਸੰਤ ਬਾਬਾ ਪ੍ਰੇਮ ਸਿੰਘ ਜੀ (ਮੁਰਾਲਾ) ਜੀ ਦੇ ਨਾਲ ਭੀ ਆਪ ਕਿਤਨਾ ਸਮਾਂ ਰਹੇ। ਆਪ ਦੱਸਦੇ ਹਨ ਕਿ ਸਿੱਖੀ ਦੇ ਪ੍ਰਚਾਰ ਦੀ ਸਿੱਖਿਆ ਦਾਸ ਨੂੰ ਉਨ੍ਹਾਂ ਪਾਸੋਂ ਹੀ ਪ੍ਰਾਪਤ ਹੋਈ ਹੈ। ਆਪ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਸੰਬੰਧ ਵਿਚ ਕਈ ਅਮੋਲਕ ਬਚਨ ਸੁਣਾਉਂਦੇ ਹਨ। ਲੁਬਾਣਾ ਬਰਾਦਰੀ ਦੇ ਕਈ ਪਿੰਡਾਂ ਵਿਚ ਕੇ ਉਨ੍ਹਾਂ ਦੀ ਸਿੱਖਿਆ ਅਨੁਸਾਰ ਅੰਮ੍ਰਿਤ ਪ੍ਰਚਾਰ ਭੀ ਆਪ ਕਰਦੇ ਹਨ ਅਤੇ ਆਪਣੀ ਰਸਨਾ ਤੋਂ ਸੁੰਦਰ ਬਚਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ।

ਚਲਦਾ

ਅਪੀਲ

ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।

-ਧੰਨਵਾਦ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਰੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

77.

ਲੇਨੇ ਜੋ ਲੋਗ ਆਏ ਜ਼ੁਲੂਮੋ ਜਹੂਲ ਥੇ।
ਇਨਸਾਂ ਕਾ ਜਾਮਾ ਪਹਿਨੇ ਹੂਏ ਵੁਹ ਫ਼ਜ਼ੂਲ ਥੇ।
ਚਲਨੇ ਮੇਂ ਦੇਰ ਕਰਨੇ ਸੇ ਹੋਤੇ ਮਲੂਲ ਥੇ।
ਇਕ ਦਮ ਘਿਰੇ ਹੂਏ ਗੋਯਾ ਕਾਂਟੋਂ ਮੇਂ ਫੂਲ ਥੇ।
ਤਸਲੀਮ ਕਰਕੇ ਦਾਦੀ ਸੇ, ਬੱਚੇ ਜੁਦਾ ਹੂਏ।
ਦਰਬਾਰ ਮੇਂ ਨਵਾਬ ਕੇ, ਦਾਖ਼ਲ ਵੁਹ ਆ ਹੂਏ।

ਜੋ ਲੋਕ ਸਾਹਿਬਜ਼ਾਦਿਆਂ ਨੂੰ ਲੈਣ ਲਈ ਆਏ ਸਨ, ਬੜੇ ਜ਼ਾਲਮ ਅਤੇ ਜਾਹਲ ਕਿਸਮ ਦੇ ਸਨ। ਜਾਮਾ ਤਾਂ ਬੇਸ਼ੱਕ ਇਨਸਾਨ ਦਾ ਪਹਿਨਿਆ ਹੋਇਆ ਸੀ, ਲੇਕਿਨ ਨਿਕੰਮੇ ਲੋਕ ਸਨ, ਜੋ ਸਾਹਿਬਜ਼ਾਦਿਆਂ ਵਲੋਂ ਤੁਰਨ ਵਿਚ ਦੇਰੀ ਹੋਣ ਕਾਰਨ ਕ੍ਰੋਧਿਤ ਹੋ ਰਹੇ ਸਨ। ਉਨ੍ਹਾਂ ਵਿਚ ਘਿਰੇ ਹੋਏ ਗੁਰੂ ਕੇ ਲਾਲ ਇੰਜ ਲੱਗ ਰਹੇ ਸਨ ਜਿਵੇਂ ਕੰਡਿਆਂ ਵਿਚ ਫੁੱਲ ਹੋਣ। ਦਾਦੀ ਮਾਤਾ ਨੂੰ ਨਮਸਕਾਰ ਕੇ ਬੱਚਿਆਂ ਨੇ ਆਪ ਤੋਂ ਵਿਦਾਇਗੀ ਲਈ ਅਤੇ ਨਵਾਬ ਦੇ ਦਰਬਾਰ ਵਿਚ ਆ ਪਹੁੰਚੇ।

78.

ਥੀ ਪਿਆਰੀ ਸੂਰਤੋਂ ਸੇ ਸ਼ੁਜਾਅਤ ਬਰਸ ਰਹੀ।
ਨੰਨ੍ਹੀ ਸੀ ਮੂਰਤੋਂ ਸੇ ਥੀ ਜੁਰਅਤ ਬਰਸ ਰਹੀ।
ਰੁਖ਼ ਪਰ ਨਵਾਬ ਕੇ ਥੀ ਸ਼ਕਾਵਤ ਬਰਸ ਰਹੀ।
ਰਾਜੋਂ ਕੇ ਮੂੰਹ ਪੇ ਸਾਫ਼ ਥੀ, ਲਾਅਨਤ ਬਰਸ ਰਹੀ।
ਬੱਚੋਂ ਕਾ ਰੋਅਬ ਛਾ ਗਯਾ, ਹਰ ਇਕ ਮਸ਼ੀਰ ਪਰ।
ਲਰਜ਼ਾ ਸਾ ਪੜ ਗਯਾ ਥਾ ਅਮੀਰੋ-ਵਜ਼ੀਰ ਪਰ।

ਸਾਹਿਬਜ਼ਾਦਿਆਂ ਦੀਆਂ ਬੜੀਆਂ ਪਿਆਰੀਆਂ ਸੂਰਤਾਂ ਸਨ, ਜਿਨ੍ਹਾਂ ਵਿਚੋਂ ਬੀਰਤਾ ਫੁੱਟ-ਫੁੱਟ ਪੈਂਦੀ ਸੀ। ਜਿੰਦਾਂ ਭਾਵੇਂ ਨਿੱਕੀਆਂ ਸਨ, ਲੇਕਿਨ ਦਲੇਰੀ ਕਹਿਰਾਂ ਦੀ ਸੀ। ਓਧਰ ਨਵਾਬ ਦੇ ਮੂੰਹ ਉੱਤੇ ਬਦਕਿਸਮਤੀ ਅਤੇ ਰਾਜਿਆਂ ਦੇ ਮੂੰਹਾਂ ਉੱਤੇ ਧਿਰਕਾਰ ਦਾ ਆਲਮ ਤਾਰੀ ਸੀ। ਹਰ ਇਕ ਦਰਬਾਰੀ ਉੱਤੇ ਗੁਰੂ ਕੇ ਲਾਲਾਂ ਦਾ ਰੋਅਬ ਪੈ ਚੁੱਕਾ ਸੀ ਅਤੇ ਅਮੀਰਾਂ-ਵਜ਼ੀਰਾਂ ਨੂੰ ਤਾਂ ਇਕ ਤਰ੍ਹਾਂ ਕਾਂਬਾ ਹੀ ਛਿੜ ਗਿਆ ਸੀ।

79.

ਨਾਜ਼ਮ ਕੀ ਬਾਤ ਬਾਤ ਪੇ, ਰੁਕਨੇ ਲਗੀ ਜ਼ੁਬਾਂ।
ਖ਼ੁਦ ਕੋ ਸੰਭਾਲ ਕਰਕੇ ਵੁਹ ਕਹਨੇ ਲਗਾ ਕਿ ਹਾਂ।
ਖ਼ਾਹਾਂ ਹੋ ਮੌਤ ਕੇ ਯਾ ਤੁਮੇਂ ਚਾਹੀਏ ਅਮਾਂ।
ਬਤਲਾਓ ਸਾਫ਼ ਸਾਫ਼ ਅਬ, ਐ ਆਲੀ-ਖ਼ਾਨਦਾਂ।
ਇਸ ਦਮ ਕਰੋ ਕਬੂਲ ਅਗਰ ਸ਼ਾਹ ਕੇ ਦੀਨ ਕੋ।
ਫਿਰ ਆਸਮਾਂ ਬਨਾ ਤੂੰ ਤੁਮ੍ਹਾਰੀ ਜ਼ਮੀਨ ਕੋ।

ਨਵਾਬ ਦੀ ਜ਼ੁਬਾਨ ਗੱਲ-ਗੱਲ 'ਤੇ ਲੜਖੜਾ ਰਹੀ ਸੀ। ਉਸ ਨੇ ਆਪਣੇ ਆਪ ਨੂੰ ਸੰਭਾਲਿਆ ਅਤੇ ਕਿਹਾ ਕਿ ਤੁਸੀਂ ਮੌਤ ਚਾਹੁੰਦੇ ਹੋ ਜਾਂ ਆਪਣੀ

ਜ਼ਿੰਦਗੀ? ਉੱਚੇ ਖ਼ਾਨਦਾਨ ਵਾਲਿਓ ! ਸਾਰੀ ਗੱਲ ਸਾਫ਼-ਸਾਫ਼ ਦੱਸੋ। ਜੇਕਰ ਹੁਣ ਵੀ ਤੁਸੀਂ ਸਾਡੇ ਬਾਦਸ਼ਾਹ ਦੇ ਧਰਮ ਨੂੰ ਪ੍ਰਵਾਨ ਕਰ ਲੈਂਦੇ ਹੋ, ਫਿਰ ਤੁਹਾਡਾ ਪ੍ਰਤਾਪ ਧਰਤੀ ਤੋਂ ਆਕਾਸ਼ ਤੀਕ ਪਸਰ ਜਾਵੇਗਾ।

80.

ਸਤਿਗੁਰ ਕੇ ਲਾਡਲੋਂ ਨੇ ਦੀਆ ਰੋਅਬ ਸੇ ਜਵਾਬ-
'ਆਤੀ ਨਹੀਂ ਸ਼ਰਮ ਹੈ ਜ਼ਰਾ, ਤੁਝ ਕੋ ਐ ਨਵਾਬ !
ਦੁਨੀਆ ਕੇ ਪੀਛੇ ਕਰਤਾ ਹੈਂ ਕਿਉਂ ਦੀਨ ਕੋ ਖ਼ਰਾਬ?
ਕਿਸ ਜਾ ਲਿਖਾ ਹੈ ਜ਼ੁਲਮ, ਦਿਖਾ ਤੋ ਹਮੇਂ ਕਿਤਾਬ।
ਤਾਲੀਮ ਜ਼ੋਰ ਕੀ ਕਹੀਂ ਕੁਰਾਨ ਮੇਂ ਨਹੀਂ।
ਖ਼ੂਬੀ ਤੁਮ੍ਹਾਰੇ ਸ਼ਾਹ ਕੇ ਈਮਾਨ ਮੇਂ ਨਹੀਂ।

ਸਤਿਗੁਰੂ ਦੇ ਲਾਡਲਿਆਂ ਨੇ ਬੜੇ ਰੌਅਬ ਨਾਲ ਜਵਾਬ ਦਿੰਦੇ ਹੋਏ ਕਿਹਾ ਕਿ ਐ ਨਵਾਬ ! ਕੀ ਤੈਨੂੰ ਜ਼ਰਾ ਵੀ ਸ਼ਰਮ ਨਹੀਂ ਆਉਂਦੀ? ਦੁਨੀਆ ਦੇ ਪਿੱਛੇ ਲੱਗ ਕੇ ਆਪਣੇ ਧਰਮ ਨੂੰ ਕਿਉਂ ਖਰਾਬ ਕਰ ਰਿਹਾ ਹੈਂ? ਸਾਨੂੰ ਕਿਤਾਬ ਵਿਖਾ ਅਤੇ ਦੱਸ ਕਿ ਕਿਹੜੀ ਥਾਂ ਜ਼ੁਲਮ ਕਰਨਾ ਲਿਖਿਆ ਹੈ? ਕੁਰਾਨ ਸ਼ਰੀਫ਼ ਵਿਚ ਜ਼ੋਰ-ਜਬਰਦਸਤੀ ਕਰਨ ਦੀ ਸਿੱਖਿਆ ਕਿਧਰੇ ਵੀ ਨਹੀਂ ਹੈ। ਤੁਹਾਡੇ ਬਾਦਸ਼ਾਹ ਦੇ ਈਮਾਨ ਵਿਚ ਹੀ ਖੋਟ ਹੈ।

81.

ਔਰੰਗਜ਼ੇਬ ਡਰਤਾ ਨਹੀਂ ਹੈ ਗੁਨਾਹ ਸੇ।
ਬੇਕਸ ਕੇ ਇਜ਼ਤਰਾਬ ਸੇ, ਦੁਖੀਓਂ ਕੀ ਆਹ ਸੇ।
ਮਜ਼ਹਬ ਬਦਲ ਰਹਾ ਹੈ ਵੁਹ ਜ਼ੋਰਿ-ਸਿਪਾਹ ਸੇ।
ਫੈਲਾਨਾ ਦੀਨ ਪਾਪ ਹੈ, ਜਬਰੋ ਕਰਾਹ ਸੇ।
ਲਿੱਖਾ ਹੁਆ ਹੈ ਸਾਫ਼ ਤੁਮ੍ਹਾਰੀ ਕਿਤਾਬ ਮੇਂ।
ਫੈਲਾਓ ਦੀ ਬ-ਜਬਰ ਨ, ਤੁਮ ਸ਼ੈਖੋ-ਸ਼ਾਬ ਮੇਂ।

ਔਰੰਗਜ਼ੇਬ ਗੁਨਾਹ ਕਰਨ ਤੋਂ ਨਹੀਂ ਡਰਦਾ। ਨਿਆਸਰਿਆਂ ਦੀ ਬੇਚੈਨੀ ਜਾਂ ਦੁਖੀਆਂ ਦੀਆਂ ਆਹਾਂ ਦਾ ਵੀ ਉਸ ਨੂੰ ਕੋਈ ਡਰ ਨਹੀਂ। ਉਹ ਫ਼ੌਜੀ ਤਾਕਤ ਦੇ ਬਲਬੂਤੇ ਲੋਕਾਂ ਦਾ ਧਰਮ ਤਬਦੀਲ ਕਰ ਰਿਹਾ ਹੈ। ਤੁਹਾਡੇ ਗ੍ਰੰਥ ਵਿਚ ਸਾਫ਼ ਲਿਖਿਆ ਹੋਇਆ ਹੈ ਕਿ ਜ਼ਬਰਦਸਤੀ ਜਾਂ ਕਿਸੇ ਦੀ ਮਰਜ਼ੀ ਦੇ ਖਿਲਾਫ਼ ਧਰਮ ਨੂੰ ਫੈਲਾਣਾ ਪਾਪ ਹੈ। ਇਸ ਲਈ ਧੱਕੇ ਨਾਲ ਬਜ਼ੁਰਗਾਂ ਤੇ ਜਵਾਨਾਂ ਨੂੰ ਆਪਣੇ ਦੀਨ ਵਿਚ ਨਾ ਲਿਆਓ।

82.

ਪੜ੍ਹ ਕੇ ਕੁਰਾਨ ਬਾਪ ਕੋ ਕਰਤਾ ਜੋ ਕੈਦ ਹੋ।
ਮਰਨਾ ਪਿਤਾ ਕਾ ਜਿਸ ਕੋ ਖ਼ੁਸ਼ੀ ਕੀ ਨਵੈਦ ਹੋ।
ਕਤਲਿ ਬਰਾਦਰਾਂ ਜਿਸੇ ਮਾਮੂਲੀ ਸੈਦ ਹੋ।
ਨੇਕੀ ਕੀ ਉਸ ਸੇ ਖ਼ਲਕ ਕੋ ਫਿਰ ਕਿਆ ਉਮੈਦ ਹੋ।
ਗ਼ੈਰੋ ਪੇ ਫਿਰ ਵੁਹ ਜ਼ੋਰ ਕਰੇ ਯਾ ਜਫ਼ਾ ਕਰੇ।
ਹਮ ਕਯਾ ਕਹੋਂ ਕਿਸੀ ਕੋ, ਹਦਾਯਤ ਖ਼ੁਦਾ ਕਰੇ।

ਕੁਰਾਨ ਪੜ੍ਹਨ ਦੇ ਬਾਵਜੂਦ ਜੋ ਆਪਣੇ ਪਿਤਾ (ਸ਼ਾਹ ਜਹਾਨ) ਨੂੰ ਕੈਦ ਕਰ ਰਿਹਾ ਹੋਵੇ, ਜਿਸ ਲਈ ਪਿਤਾ ਦਾ ਮਰਨਾ ਖ਼ੁਸ਼ਖ਼ਬਰੀ ਹੋਵੇ, ਬਰਾਵਾਂ (ਮੁਰਾਦ, ਕਾਮਬਖ਼ਸ਼ ਆਦਿ) ਦਾ ਕਤਲ ਮਾਮੂਲੀ ਸ਼ਿਕਾਰ ਤੋਂ ਵੱਧ ਕੁਝ ਨਾ ਹੋਵੇ, ਉਸ ਤੋਂ ਜਨਤਾ ਨੂੰ ਨੇਕੀ ਦੀ ਕੀ ਆਸ ਹੋ ਸਕਦੀ ਹੈ? ਆਪਣਿਆਂ ਨਾਲ ਅਜਿਹਾ ਵਿਹਾਰ ਕਰਨ ਵਾਲਾ ਗ਼ੈਰਾਂ ਨਾਲ ਧੱਕੇਸ਼ਾਹੀ ਜਾਂ ਸਖ਼ਤੀ ਕਰੇ, ਇਸ ਬਾਰੇ ਅਸੀਂ ਕਿਸੇ ਨੂੰ ਕੀ ਕਹੀਏ, ਪਰਮਾਤਮਾ ਹੀ ਕੋਈ ਆਦੇਸ਼ ਕਰ ਸਕਦਾ ਹੈ।

(ਚਲਦਾ)

● ● ●

ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।

ਨਿਯਮਿਤ ਕਸਰਤ ਨਾਲ ਕਾਬੂ ਵਿਚ ਰਹਿੰਦਾ ਹੈ ਗਠੀਆ

ਸਰਦੀ ਵਿਚ ਜੋੜਾਂ ਦਾ ਦਰਦ ਵਧ ਜਾਣਾ ਆਮ ਗੱਲ ਹੈ। ਇਸ ਨੂੰ ਗਊਟ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਕ ਸਮਾਂ ਸੀ ਜਦੋਂ ਇਸ ਨੂੰ ਸ਼ਹਿਨਸ਼ਾਹਾਂ ਦਾ ਰੋਗ ਮੰਨਿਆ ਜਾਂਦਾ ਸੀ ਪਰ ਅੱਜ ਦੇ ਸਮੇਂ ਵਿਚ ਇਹ ਕਿਸੇ ਨੂੰ ਵੀ ਹੋ ਸਕਦਾ ਹੈ। ਪ੍ਰੀਖਣਾਂ ਦੇ ਆਧਾਰ 'ਤੇ ਇਹ ਪਤਾ ਲੱਗਾ ਹੈ ਕਿ ਸਰੀਰ ਵਿਚ ਯੂਰਿਕ ਐਸਿਡ ਦੀ ਮਾਤਰਾ ਵਧ ਜਾਣ ਨਾਲ ਗਠੀਏ ਦਾ ਪ੍ਰਕੋਪ ਹੁੰਦਾ ਹੈ।

ਜੋੜਾਂ ਵਿਚ ਸੋਜ ਦਾ ਹੋਣਾ ਇਸ ਦਾ ਮੁੱਖ ਲੱਛਣ ਹੈ। ਪੈਰ ਦਾ ਅੰਗੂਠਾ ਜਾਂ ਹੱਥ-ਪੈਰ ਦੇ ਦੂਜੇ ਜੋੜ ਸੁੱਜ ਕੇ ਲਾਲ ਹੋ ਜਾਂਦੇ ਹਨ। ਕਦੇ-ਕਦੇ ਇਸ ਦਾ ਰੰਗ ਨੀਲਾ ਵੀ ਹੋ ਜਾਂਦਾ ਹੈ ਅਤੇ ਦਰਦ ਵਧ ਜਾਂਦਾ ਹੈ। ਰੋਗ ਪ੍ਰਤੀ ਲਾਪ੍ਰਵਾਹੀ ਵਰਤਣ ਨਾਲ ਇਹ ਵੀ ਹੋ ਸਕਦਾ ਹੈ ਕਿ ਯੂਰਿਕ ਐਸਿਡ ਜੋੜਾਂ ਨੂੰ ਜ਼ਿਆਦਾ ਨੁਕਸਾਨ ਪਹੁੰਚਾ ਦੇਵੇ। ਇਹ ਗੁਰਦਿਆਂ ਵਿਚ ਪੱਥਰੀ ਪੈਦਾ ਕਰ ਸਕਦਾ ਹੈ, ਚਮੜੀ ਦੇ ਹੇਠਾਂ, ਖਾਸ ਕਰਕੇ ਕੰਨ ਦੀ ਚਮੜੀ ਵਿਚ ਗੰਢਾਂ ਬਣ ਸਕਦੀਆਂ ਹਨ ਜਾਂ ਸਰੀਰ ਦੇ ਕਿਸੇ ਹੋਰ ਅੰਗ ਵਿਚ ਜੰਮ ਕੇ ਨੁਕਸਾਨ ਪਹੁੰਚਾ ਸਕਦਾ ਹੈ।

ਜਦੋਂ ਪਹਿਲੀ ਵਾਰ ਗਠੀਆ ਹੁੰਦਾ ਹੈ ਤਾਂ ਲਗਭਗ 20 ਫੀਸਦੀ ਰੋਗੀਆਂ ਵਿਚ ਤਕਲੀਫ ਪੈਰ ਦੇ ਅੰਗੂਠੇ ਤੋਂ ਸ਼ੁਰੂ ਹੁੰਦੀ ਹੈ। ਕੁਝ ਵਿਅਕਤੀਆਂ ਵਿਚ ਇਸ ਦੀ ਸ਼ੁਰੂਆਤ ਗੋਡਿਆਂ, ਗਿੱਟਿਆਂ, ਪੈਰਾਂ ਜਾਂ ਹੱਥਾਂ ਦੀਆਂ ਉਂਗਲਾਂ ਤੋਂ ਵੀ ਹੁੰਦੀ ਹੈ। ਜੋੜਾਂ ਵਿਚ ਅਚਾਨਕ ਦਰਦ ਉਠਦਾ ਹੈ ਅਤੇ ਸੋਜ ਵੀ ਹੋ ਜਾਂਦੀ ਹੈ। ਜੋੜ ਦੇ ਉੱਪਰ ਚਮੜੀ ਲਾਲ ਹੋ ਜਾਂਦੀ ਹੈ। ਕਈ ਵਾਰ ਇਸ ਪ੍ਰਕੋਪ ਕਾਰਨ ਬੁਖਾਰ ਵੀ ਹੋ ਜਾਂਦਾ ਹੈ। ਦਵਾਈ ਲੈਣ 'ਤੇ ਇਹ ਦੋ-ਤਿੰਨ ਦਿਨ ਬਾਅਦ ਹੀ ਕਾਬੂ ਆਉਂਦਾ ਹੈ।

ਸਰੀਰ ਵਿਚ ਯੂਰਿਕ ਐਸਿਡ ਦੀ ਮਾਤਰਾ ਵਧ ਜਾਣ ਨਾਲ ਇਸ ਰੋਗ ਦਾ ਪ੍ਰਕੋਪ ਹੁੰਦਾ ਹੈ, ਇਸ ਲਈ ਇਸ ਗੱਲ ਦੀ ਜਾਣਕਾਰੀ ਜ਼ਰੂਰੀ ਹੈ ਕਿ ਯੂਰਿਕ ਐਸਿਡ ਦੀ ਮਾਤਰਾ ਕਿਉਂ ਵਧਦੀ ਹੈ? ਸਰੀਰ ਵਿਚ ਯੂਰਿਕ ਐਸਿਡ ਪਿਊਰਿਨ ਯੁਕਤ ਖਾਣ-ਪਾਣ ਦੀਆਂ ਵਸਤਾਂ ਨਾਲ ਅਤੇ ਕੋਸ਼ਿਕਾਵਾਂ ਦੇ ਟੁੱਟਦੇ ਰਹਿਣ ਨਾਲ ਬਣਦਾ ਹੈ। ਤੰਦਰੁਸਤ ਸਰੀਰ ਵਾਧੂ ਯੂਰਿਕ ਐਸਿਡ ਨੂੰ ਮੂਤਰ ਰਾਹੀਂ ਬਾਹਰ ਕੱਢ ਦਿੰਦਾ ਹੈ ਪਰ ਗਠੀਆ ਹੋਣ 'ਤੇ ਇਹ ਸੰਤੁਲਨ ਵਿਗੜ ਜਾਂਦਾ ਹੈ ਜਾਂ ਗੁਰਦੇ ਯੂਰਿਕ ਐਸਿਡ ਨੂੰ ਬਾਹਰ ਨਹੀਂ ਕੱਢ ਪਾਉਂਦੇ।

ਅਜਿਹਾ ਵੀ ਹੋ ਸਕਦਾ ਹੈ ਕਿ ਹੋਰ ਕਾਰਨਾਂ ਨਾਲ ਵੀ ਸਰੀਰ ਵਿਚ ਕਦੇ-ਕਦੇ ਯੂਰਿਕ ਐਸਿਡ ਦੀ ਮਾਤਰਾ ਵਧ ਜਾਂਦੀ ਹੈ। ਇਹੀ ਵਧਿਆ ਹੋਇਆ ਯੂਰਿਕ ਐਸਿਡ ਗਠੀਏ ਨੂੰ ਪੈਦਾ ਕਰਦਾ ਹੈ। ਯੂਰਿਕ ਐਸਿਡ ਵਿਚ ਵਾਧਾ ਹੁੰਦੇ ਹੀ, ਇਸ ਦੇ ਕ੍ਰਿਸਟਲ ਜੋੜਾਂ ਵਿਚ ਜੰਮਣ ਲਗਦੇ ਹਨ ਅਤੇ ਸੋਜ ਅਤੇ ਦਰਦ ਹੋਣੀ ਸ਼ੁਰੂ ਹੋ ਜਾਂਦੀ ਹੈ। ਗਠੀਏ ਨੂੰ ਪੀੜ੍ਹੀ-ਦਰ-ਪੀੜ੍ਹੀ ਰੋਗ ਮੰਨਿਆ ਜਾਂਦਾ ਹੈ। ਇਸ ਨੂੰ ਪੈਦਾ ਕਰਨ ਦੇ ਦੋ ਪ੍ਰਕਾਰ ਦੇ ਵਿਕਾਰ ਮਾਂ ਵੱਲੋਂ ਸੰਤਾਨ ਨੂੰ ਮਿਲਦੇ ਹਨ ਪਰ ਕੁਝ ਦੂਜੇ ਵਿਕਾਰ ਮਾਂ ਜਾਂ ਪਿਤਾ ਕਿਸੇ ਤੋਂ ਵੀ ਮਿਲ ਸਕਦੇ ਹਨ।

ਰਹਿਣ-ਸਹਿਣ ਦਾ ਪ੍ਰਭਾਵ ਵੀ ਇਸ ਰੋਗ 'ਤੇ ਪੈਂਦਾ ਹੈ। ਮੋਟਾਪਾ ਵੀ ਗਠੀਏ ਦਾ ਪੱਕਾ ਸਾਥੀ ਹੈ। ਜਿਨ੍ਹਾਂ ਲੋਕਾਂ ਦਾ ਭਾਰ ਅਚਾਨਕ ਵਧਦਾ ਹੈ, ਉਨ੍ਹਾਂ ਨੂੰ ਇਹ ਰੋਗ ਵਧੇਰੇ ਹੁੰਦਾ ਹੈ। ਮਾਸਾਹਾਰ, ਸ਼ਰਾਬ ਦਾ ਸੇਵਨ ਕਰਨ ਨਾਲ ਅਤੇ ਜਲਵਾਯੂ ਦਾ ਪ੍ਰਭਾਵ ਵੀ ਇਸ ਰੋਗ 'ਤੇ ਪੈਂਦਾ ਹੈ।

ਅਜਿਹਾ ਦੇਖਿਆ ਗਿਆ ਹੈ ਕਿ 80 ਤੋਂ 90 ਫੀਸਦੀ ਗਠੀਏ ਦੇ ਰੋਗ ਪੁਰਸ਼ ਹੁੰਦੇ ਹਨ। 40 ਸਾਲ ਦੀ ਉਮਰ ਤੋਂ ਬਾਅਦ ਇਹ ਲੋਕਾਂ ਵਿਚ ਵਧੇਰੇ ਹੁੰਦਾ ਹੈ। ਕੁਝ ਔਰਤਾਂ ਵੀ ਇਸ ਦਾ ਕਸ਼ਟ ਭੁਗਤਦੀਆਂ ਹਨ।

ਖਾਣ-ਪੀਣ ਵਿਚ ਯੂਰਿਕ ਐਸਿਡ ਦੀ ਮਾਤਰਾ ਘੱਟ ਕਰਨ ਲਈ ਨਿਯਮਿਤ ਕਸਰਤ ਕਰਕੇ ਗਠੀਏ ਦੀ ਤਕਲੀਫ ਤੋਂ ਬਚਿਆ ਜਾ ਸਕਦਾ ਹੈ। ਗਠੀਏ ਦਾ ਸਹੀ ਇਲਾਜ ਨਾ ਹੋਣ 'ਤੇ ਗੁਰਦਿਆਂ ਵਿਚ ਪੱਥਰੀ ਬਣ ਸਕਦੀ ਹੈ। ਨਿਯਮਿਤ ਕਸਰਤ ਕਰਨ, ਪੈਦਲ ਚੱਲਣ, ਸ਼ਰਾਬ-ਮਾਸ ਦਾ ਤਿਆਗ ਕਰਨ ਨਾਲ ਗਠੀਏ ਵਰਗੀ ਕਸ਼ਟਦਾਇਕ ਬਿਮਾਰੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।



ਕਾਵਿ-ਕਿਆਰੀ

ਕਵਿਤਾ / ਰੂਹ ਦੀ ਗੱਲ

ਸੁਰਿੰਦਰ ਮਕਸੂਦਪੁਰੀ



ਗੱਲ ਸੁਣ
ਮੇਰੀ ਜੀਵਨ ਸੱਜਣੀ
ਘਰ ਨੂੰ ਅਸਲੀ ਰੰਗ ਵਿੱਚ ਰੰਗਣੀ
ਇਸ ਤੋਂ ਪਹਿਲਾਂ ਮੇਰੀ
ਜੇ ਰੂਹ ਦੀ ਗੱਲ ਸੁਣਦੀ
ਪਿਆਰ ਦੀ ਇਬਾਰਤ
ਦਿਲ ਦੀ ਕੈਨਵਸ 'ਤੇ ਖੁਣਦੀ
ਤੇ ਮੇਰੇ ਕਾਵਿ-ਅਹਿਸਾਸਾਂ ਦੇ ਫੁੱਲ
ਘਰ ਦੀ ਬਣਤਰ 'ਚ ਬੁਣਦੀ

ਇਸ ਤੋਂ ਪਹਿਲਾਂ ਮੇਰੀ
ਜੇ ਰੂਹ ਦੀ ਗੱਲ ਸੁਣਦੀ
ਮੇਰੀ ਬਾਤ ਦਾ ਹੁੰਗਾਰਾ ਭਰਦੀ
ਮੇਰੀ ਕਵਿਤਾ ਦਾ ਭਾਗ ਬਣਦੀ
ਮੇਰੇ ਸ਼ਬਦਾਂ ਦਾ ਸੰਵਾਦ ਸੁਣਦੀ
ਸੋਨੇ 'ਤੇ ਸੁਹਾਗਾ ਬਣਦੀ
ਗੀਤ ਵਡਭਾਗਾ ਬਣਦੀ


ਹੁਣ ਭਰਿਆ ਮੇਲਾ ਉਜੜਨ 'ਤੇ
ਮੇਲਾ ਵੇਖਣ ਆਈ
ਤਾਂ ਕੀ ਆਈ
ਹੁਣ ਬਹਾਰ ਦੀ ਰੁੱਤ ਪਛੜਨ 'ਤੇ
ਪੱਤਝੜ ਦੇ ਬਾਗੀਂ ਆਈ
ਤਾਂ ਕੀ ਆਈ...?

-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021, ਮੋ. 99887-10234

* * * * *

ਕਵਿਤਾ/ ਲੋਕ ਕੁਰਸੀ ਵਾਲਿਆਂ ਤੋਂ

ਰਤਨ ਟਾਹਲਵੀ



ਇਸ ਤਰ੍ਹਾਂ ਹੀ ਲੋਕ ਜੇਕਰ ਨੀਂਦ ਗਹਿਰੀ ਰਹਿਣਗੇ।
ਲੋਕ ਕੁਰਸੀ ਵਾਲਿਆਂ ਤੋਂ ਜ਼ੁਲਮ ਰਹਿੰਦੇ ਸਹਿਣਗੇ।

ਦੁਬਲਿਆਂ ਤੇ ਕੁਚਲਿਆਂ ਆਖਰ ਬੁਲ੍ਹਾਂ 'ਤੇ ਰੱਖ ਜ਼ੁਬਾਂ,
ਹੋ ਇਕੱਠੇ ਹੋ ਇਕੱਠੇ ਲੜ ਮਰੋ ਫਿਰ ਕਹਿਣਗੇ।

ਕਰ ਘੁਟਾਲੇ ਜੋ ਕਰੋੜਾਂ ਬੈਠ ਗਏ ਵਿਚ ਕੋਠੀਆਂ,
ਇਕ ਨਾ ਇਕ ਦਿਨ ਲਾਜ਼ਮੀ, ਭੱਠੇ ਉਨ੍ਹਾਂ ਦੇ ਬਹਿਣਗੇ।

ਜੋ ਸਦੀਵੀ ਜ਼ਿੰਦਗੀ ਮੰਨ ਕੁਰਸੀਆਂ 'ਤੇ ਬਹਿ ਗਏ,
ਅੰਤ ਨੂੰ ਫਿਰ ਕੁਰਸੀਆਂ ਦੇ ਕਿੰਗਰੇ ਹੀ ਢਹਿਣਗੇ।

ਲੁੱਟ ਰਹੇ ਜੋ ਵਤਨ ਨੂੰ ਬਿਲਕੁਲ ਉਨ੍ਹਾਂ ਦੇ ਜਾ ਵਿਰੁੱਧ,
'ਰਤਨ' ਹੋਰੀਂ ਉਮਰ ਸਾਰੀ ਵਤਨ ਦੇ ਹੀ ਰਹਿਣਗੇ।

* * * * *

ਕਵਿਤਾ/ ਹਸਪਤਾਲ ਦੀ ਐਮਰਜੈਂਸੀ

ਸੁਖਵਿੰਦਰ ਸਿੰਘ 'ਜਲਾਲਪੁਰੀ'



ਮਸੋਸੇ ਜਿਹੇ ਚਿਹਰੇ,
ਨਾਲੇ ਉਡੀਆਂ ਹਵਾਈਆਂ ਸੀ,
ਭੀੜ ਜਿਹੀ ਸੀ ਲੱਗੀ,
ਰੂਹਾਂ ਸਭ ਕੁਮਲਾਈਆਂ ਸੀ।

ਦਾਖ਼ਿਲ ਮਰੀਜ਼ ਨਾਲ,
ਰੂਹਾਂ ਇਹ ਆਈਆਂ ਸੀ,
ਐਮਰਜੈਂਸੀ ਗੇਟ ਉੱਤੇ,
ਉਹਨਾਂ ਨਜ਼ਰਾਂ ਗਡਾਈਆਂ ਸੀ।

ਕੁਝ ਵੀਰ ਕੁਝ ਭੈਣਾਂ,
ਪਤਾ ਲੈਣ ਆਈਆਂ ਸੀ,
ਕਈ ਪਏ ਸੀ ਰੋਂਦੇ,
ਕਈਆਂ ਢੇਰੀਆਂ ਹੀ ਢਾਈਆਂ ਸੀ।

ਕੁਝ ਹੌਂਸਲਾ ਸੀ ਦਿੰਦੇ,
ਜੋ ਰੂਹਾਂ ਘਬਰਾਈਆਂ ਸੀ,
ਹੋ ਜਾਣਾ ਹੈ ਠੀਕ,
ਕਹਿ ਗੱਲਾਂ ਹੀ ਮੁਕਾਈਆਂ ਸੀ।

ਪਲਾਂ ਵਿੱਚ ਗਈਆਂ,
ਜੋ ਹੌਂਸਲੇ ਲਈ ਆਈਆਂ ਸੀ,
ਜਿਹਨਾਂ ਦਾ ਸੀ ਜੀਅ,
ਰਾਤਾਂ ਜਾਗ ਕੇ ਲੰਘਾਈਆਂ ਸੀ।

ਕੁਝ ਸੀ ਗਰੀਬ,

ਕੁਝ ਅਮੀਰਾਂ ਦੀਆਂ ਜਾਈਆਂ ਸੀ,
ਕੁਝ ਦੁੱਖਾਂ ਤੋਂ ਦੁਖੀ,
ਕੁਝ ਇਲਾਜ ਨੇ ਸਤਾਈਆਂ ਸੀ।

ਪਲਾਂ ਵਿੱਚ ਲੱਗੀਆਂ,
ਜੋ ਸਾਲਾਂ ਦੀਆਂ ਕਮਾਈਆਂ ਸੀ,
ਕੀ ਹੋਣਾ ਅੱਗੇ,
ਸੋਚ ਸੋਚ ਘਬਰਾਈਆਂ ਸੀ।

ਐਮਰਜੈਂਸੀ ਦਾ ਹਾਲ,
ਗੱਲਾਂ ਸੱਚੀਆਂ ਸੁਣਾਈਆਂ ਸੀ,
ਜ਼ਿੰਦਗੀ ਹੈ ਕੀ,
ਹਸਪਤਾਲ ਅਕਲਾਂ ਸਿਖਾਈਆਂ ਸੀ।

ਲਿਖਿਆ ਜੋ ਓਹੀ ਹੋਣਾ,
'ਸੁਖਵਿੰਦਰ' ਸਮਝਾਂ ਇਹ ਆਈਆਂ ਸੀ,
ਰੱਬ ਕਰ ਕਿਰਪਾ,
ਇਹ ਗੱਲਾਂ ਲਿਖਵਾਈਆਂ ਸੀ।

ਇੰਸਪੈਕਟਰ ਸੀ.ਬੀ.ਆਈ.,
ਪਿੰਡ ਜਲਾਲਪੁਰ, ਹੁਸ਼ਿਆਰਪੁਰ, +919906381482

* * * * *

ਕਵਿਤਾ/ ਮੁਸੀਬਤ

ਸੁਖਵਿੰਦਰ ਸਿੰਘ 'ਜਲਾਲਪੁਰੀ'

ਮੁਸੀਬਤਾਂ ਤੇ ਆਈਆਂ ਨੇ,
ਹੰਝੂ ਵੀ ਲਿਆਈਆਂ ਨੇ, ਤੇ ਬਹੁਤ ਵਾਰ ਆਈਆਂ ਨੇ।

ਮੁਸੀਬਤਾਂ ਨੂੰ ਝੱਲਾਂਗੇ ਤੇ ਔਕੜਾਂ ਨੂੰ ਠੱਲਾਂਗੇ।
ਅੱਜ ਵੀ ਹੜ੍ਹ ਆਏ ਨੇ ਤੇ ਬਹੁਤ ਵਾਰ ਆਏ ਨੇ।
ਤੇ ਮੁਸੀਬਤਾਂ ਲਿਆਏ ਨੇ।
ਮੁਸੀਬਤਾਂ ਨੂੰ ਝੱਲਾਂਗੇ ਤੇ ਔਕੜਾਂ ਨੂੰ ਠੱਲਾਂਗੇ।


ਵਾਰ-ਵਾਰ ਡਿੱਗੇ ਸੀ ਤੇ ਮੁੜ ਖੜ੍ਹੇ ਹੋਏ ਸਾਂ।
ਹੁਣ ਵੀ ਤਾਂ ਡਿੱਗੇ ਹਾਂ ਤੇ ਖੜ੍ਹੇ ਹੋ ਜਾਵਾਂਗੇ।
ਤੇ ਅੱਗੇ ਵਧ ਜਾਵਾਂਗੇ ਤੇ ਮਹਾਨ ਕਹਿਲਾਵਾਂਗੇ।

ਲੋਕੀ ਬਹੁਤ ਆਏ ਨੇ, ਸਮਾਨ ਵੀ ਲਿਆਏ ਨੇ।
ਧੰਨ ਵੀ ਲਿਆਏ ਨੇ, ਤੇ ਲੰਗਰ ਭੀ ਲਿਆਏ ਨੇ।
ਤੇ ਇਹਨਾਂ ਸਭ ਰਾਸ਼ਨਾਂ ਦੇ ਹੁਣ ਹੜ੍ਹ ਵੀ ਤਾਂ ਆਏ ਨੇ।

ਧਰਤੀ ਨੂੰ ਸੰਵਾਰਾਂਗੇ ਤੇ ਅੰਨ ਭੀ ਉਗਾਵਾਂਗੇ।
ਅੰਨ ਦਾਤਾ ਹੋਏ ਸਾਂ ਤੇ ਫਿਰ ਹੋ ਜਾਵਾਂਗੇ।
ਹੁਣ ਭੀ ਤਾਂ ਡਿੱਗੇ ਹਾਂ ਤੇ ਖੜ੍ਹੇ ਹੋ ਜਾਵਾਂਗੇ ਤੇ ਸ਼ੁਕਰ ਮਨਾਵਾਂਗੇ।

ਰੱਬ ਦੀ ਰਜਾ 'ਚ ਰਹਿੰਦੇ ਰੱਬ ਦਾ ਭਾਣਾ ਅਸੀਂ ਹਾਂ ਮੰਨਦੇ।
ਰੱਬ ਦੀ ਰਜਾ 'ਚ ਰਹਿ ਕੇ ਅਸੀਂ ਦਿਨ ਬਿਤਲਾਏ ਨੇ।

ਗੁਰੂਆਂ ਦੇ ਲਾਲ ਹਾਂ ਤੇ ਉੱਚੀ ਸਾਡੀ ਸ਼ਾਨ ਹੈ।



ਹੌਂਸਲੇ ਬੁਲੰਦ ਰਹਿੰਦੇ ਚੜ੍ਹਦੀ ਕਲਾ 'ਚ ਰਹਿੰਦੇ।
ਚੜ੍ਹਦੀ ਕਲਾ 'ਚ ਸਦਾ ਦਿਨ ਬਿਤਲਾਏ ਨੇ।
ਹੁਣ ਵੀ ਤਾਂ ਡਿੱਗੇ ਹਾਂ ਤੇ ਖੜ੍ਹੇ ਹੋ ਜਾਵਾਂਗੇ।
ਤੇ ਅੱਗੇ ਵੱਧ ਜਾਵਾਂਗੇ ਤੇ ਮਹਾਨ ਕਹਿਲਾਵਾਂਗੇ।
ਅੰਨ ਦਾਤਾ ਹੋਏ ਸਾਂ ਤੇ ਫਿਰ ਹੋ ਜਾਵਾਂਗੇ।
ਇਹ ਸਾਰੇ ਦਿਨ ਅਸੀਂ ਰਜਾ 'ਚ ਬਤਾਵਾਂਗੇ ਤੇ ਸ਼ੁਕਰ ਮਨਾਵਾਂਗੇ।

ਮਨਮੋਹਨ ਸਿੰਘ

● ● ●

ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂੰ ਰੁੱਲ ਜਾਵੋਗੇ

● ● ●

ਕੋਸ਼ਿਸ਼ ਆਖਰੀ ਸਾਹਾਂ ਤੱਕ ਕਰਨੀ ਚਾਹੀਦੀ ਹੈ। ਸਫਲਤਾ ਮਿਲੇ ਜਾਂ ਤਜ਼ਰਬਾ, ਦੋਵੇਂ ਹੀ ਕੀਮਤੀ ਹਨ।

APPLICATIONS ARE INVITED UPTO 15.02.2026 FROM ELIGIBLE CANDIDATES

Application Regd. No._____

BABA MAKHAN SHAH LOBANA FOUNDATION (REGD.)

Sector-30A, Chandigarh-160030, Phone:73470-65188

APPLICATION FORM

Merit Cum-Means Scholarship for the Academic Year-2025-26

Affix Passport Size Photo

1. **Name of Applicant** _____
   (In Block Letters)
2. **(i) Father's Name:** _____
   (ii) Mother's Name: _____
   (iii) Occupation: _____
3. **Caste** _____
4. **Address for Correspondence:Village:-** _____ **Post Office :-**_____
   Police Station :-_____ **Tehsil :-** _____
   Distt :-_____**State :-**_____**Pin Code :-** _____
5. **Permanent Address**
   Contact No. Mobile: _____ **STD Code:** _____ **Landline:**_____
   E-mail: _____
6. **Class in which studying** _____
7. **Past performance and merit in the School/Board/ University (Last Two Years) : -**

Class	Board/University	Year of Passing	% (Percentage)	Remarks
				Indicate Board/University Examination (Attach Marks Sheet)
				Indicate Board/University Examination (Attach Marks Sheet)

8. **Were you granted scholarship last year: Yes/No**
   If Yes, Amount of Scholarship received (last year) _____ **Class**_____
9. **i) Annual income of Parents/Guardians in Rs.** _____ **p.a.**
   ii) Attach income certificate from the employer/ Payslip/other documents
   iii) Income verified by the Sarpanch or Member Panchayat/ Numberdar/Councillor

10. Signatures **a) Student: _____**

b) Father/Guardian: _____

11. Name of the Bank _____ Place _____

Account Holder's Name _____

Bank Account No. _____IFSC Code _____

12. Identify documents: - Aadhar Card/ Election Card / Ration Card/ Any Govt. issued ID.

Note: List of documents to be attached with application: -

a. **Self-attested photocopy of Marks Sheet.**
b. **Self-attested any other educational document etc.**
c. **No. of enclosures with the application.**

13. Certificate of the Head of the Institution: -

Certified that the applicant is a regular student of class _____ in this School/ College and particulars as shown above are correct.

Place _____ **Signature _____**

Dated _____ **Name _____**

Designation Stamp Seal

1. **Certified that the above facts stated are correct & true to the best of my knowledge.Recommended by the Executive Committee Member/ Working Committee Member/ Any Office Bearer of the BMSLFoundation (Regd.), Sector 30A, Chandigarh.**

Place _____ **Signature _____**

Dated _____ **(Name & Designation)**

FOR OFFICE USE ONLY

i) Date of application received _____

ii) Completion / correctness of the applicant By General Secretary _____

iii) No. of enclosures with the application_____

Recommended by _____ **Sanctioned/ Approved_____**

Convener/ Member of the Education Committee **President**



MATRIMONIAL



SEEKING MATCH FOR CANADIAN CITIZEN S. LOVEPREET SINGH, LUBANA GOTRA LALIA, DOB-20.04.1996, TIME- 01.00 AM, LUDHIANA, NON-MANGLIK BOY, HEIGHT-6'2", QUALIFICATION +2 FROM INDIA & DIPLOMA FROM CANADA, OCCUPATION – GOVERNMENT JOB IN CANADA CITY BUS SERVICE, INCOME 768 00 DOLLARS PER ANNUM, LOCATION – EDMONTON IN ALBERTA, FAMILY – FATHER SUPERINTENDENT RETIRED FROM GST DEPT., MOTHER – RETIRED TEACHER FROM CBSE SCHOOL, SIBLINGS ONE BROTHER AND ONE SISTER (MARRIED IN GURGAON). CONTACT – 750 876 7242, 814 691 7104

* * * * *

MATCH FOR 02.06.1998 BORN, FAIR COLOUR GIRL/ HEIGHT 5'6", EDUCATION – MD FROM PGI, WORKING AS PGI SR. RESIDENT DOCTOR, FAMILY – FATHER GOVT. JOB CHD. AS SUB INSPECTOR - PUNJAB POLICE, MOTHER – HOUSE WIFE, SIBLING- YOUNGER BROTHER SOFTWARE ENGINEER GURGAON (UNMARRIED), BOY PREFERENCE IN SAME FIELD OF DOCTOR OR ANY HIGHER POST RECOMMENDED & SHOULD BE FROM SIKH FAMILY. CONTACT –9463515935, 7508911805

* * * * *

MATCH FOR HANDSOME LABANA SIKH 1997/6 FT, B. TECH + MBA, WORKING IN MNC, PARENTS GOVT. RETIRED. CONTACT – 94665-04766

* * * * *

WANTED AN EDUCATED GIRL, SERVICE, HOMELY, ADJUSTABLE MATCH FOR HANDSOME BOY, 02-05-1991, GRADUATE IN MULTI MEDIA, WORKING IN IT COMPANY MOHALI, 30,000 PER MONTH, OWN HOUSE IN MOHALI, PARENTS NO MORE. 98728-99591. DOWRYLESS MARRIAGE

* * * * *

SUITABLE MATCH FOR WELL EDUCATED GIRL, 14-09-1987/5'-3", CANADIAN PR, LEGALLY DIVORCEE, MBA, WORKING IN IT COMPANY. SEND BIODATA WITH PIC sukhdeepsingh_78@yahoo.com

* * * * *

SEEKING MATCH FOR 24.11.1996/ 5'5" GRADUATE CANADA SETTLED GIRL, RESIDENCE AT WINIIPEG & WORKING IN MANKOBA AS GOVT. CORRECTION OFFICER, BROTHER UNMARRIED ALSO SETTLED IN CANADA, PERMANENT RESIDENCE IN MOHALI. PREFERENCE ONLY FOR MOHALI & CHANDIGARH. CONTACT – 9646426322, 9888062555

* * * * *

PERFECT MATCH FOR 17.03.2000/5'5" GRADUATE GIRL RESIDENCE AT WINIIPEG & WORKING IN MANKOBA, ONLINE COMPUTER JOB. BROTHER UNMARRIED & ALSO SETTLED AT SAME PLACE. PERMANENT REDIDENCE AT MOHALI. CONTACT- 9888062555

* * * * *

LOOKING MATCH FOR 22 NOV 2000/5'4" LUBANA SIKH GIRL-PRABHJEET KAUR, QUALIFICATION – PURSUING PHYSIOTHERAPIST FROM GIAN SAGAR MEDICAL COLLEGE & HOSPITAL. FATHER CAPT (RETD.) & MOTHER HOUSEWIFE, SIBLINGS – ONE YOUNGER SISTER & YOUNGER BROTHER. RESIDENCE AT RAJPURA. CONTACT – 7696523574

* * * * *

SEEKING MATCH FOR 1992/5'8" BOY-DR. BHAGWANT SINGH, QUALIFICATION – MBBS, MD MEDICINE FROM DMC LUDHIANA. FROM RAJPURA, GOVT. JOB, FAMILY – FATHER BUSINESSMAN IN USA, MOTHER HOUSEWIFE & ONE SISTER (MBBS) PROPERTY – RURAL, URBAN & INDUSTRIAL. CONTACT – 7696523574

* * * * *

MATCH FOR 19.07.1999/LUBANA GIRL – DR. PUNEET KAUR FROM RAJPURA, QUALIFICATION – MBBS – ADESH UNIVERSITY, FATHER- BUSINESSMAN, MOTHER – HOUSEWIFE & BROTHER ALSO DR. – WORKING IN GOVT. HOSPITAL- MOHALI. CONTACT – 7696523574

* * * * *

SEEKING MATCH FOR LUBANA SIKH BOY DOB - 14.02.1997/ 6'1" EDUCATION B.TECH FROM NIT JALANDHAR; POST GRADUATE DIPLOMA IN PROJECT MANAGEMENT AND DATA ANALYTICS. CURRENT RESIDENCE AT OTTAWA & WORKING IN IT. BOTH PARENTS ARE GOVT. EMPLOYEES AND ALSO HAVE ONE SISTER - MARRIED & CITIZEN LIVING IN THE SAME CITY. PERMANENT RESIDENCE AT JALANDHAR. CONTACT- 9876501964, 9876501969

* * * * *

LOOKING MATCH FOR GURSIKH BOY, 09.09.1995 BORN/5'10", POST GRADUATION IN MSC ACCOUNTING & FINANCE (UK), SCHOOLING–DOON PUBLIC SCHOOL, DELHI, PROFESSION – SENIOR ACCOUNTANCY PRACTICE -LONDON, UK, CURRENTLY PURSUING ACCA, UK. NRI, CURRENT RESIDENCE -LONDON, UNITED KINGDOM. FATHER -SELF EMPLOYED, MOTHER- HOME MAKER. CONTACT – 7011577417

* * * * *

LOOKING MATCH FOR LUBANA 23.08.1993 BORN HEIGHT 6'7" VEGETARIAN BOY, QUALIFICATION-B. TECH (COMPUTER SC.), GRADUATE DIPLOMA IN APPLIED MANAGEMENT, VARIOUS IT CERTIFICATIONS INCLUDING DATA ANALYST AND DATA ENGINEER, PROFESSION – WORKING AS SR. DATA ENGINEER AT CIVIL AVIATION AUTHORITY, WELLINGTON, NEW ZEALAND, FAMILY – FATHER RETIRED SR. MANAGER FROM PNB, MOTHER- HOME MAKER. CASTE NO BAR. CONTACT- 9871096789 (FATHER)

* * * * *

LOOKING MATCH FOR BALPREET SINGH, AGE-29 YEARS, HEIGHT: 6'1" FT, EDUCATION:BTECH CSE FROM DELHI UNIVERSITY MTECH CSE (GOLD MEDALIST), NIT JALANDHAR, 2020, CURRENT OCCUPATION: DIRECTOR@ MORGAN STANLEY, MUMBAI, PER ANNUM HANDSOME PACKAGE. FATHER: GURBAX SINGH (EX. IAF OFFICER), MOTHER: RUPINDER KAUR (HOUSEWIFE), SISTER 1: KIRANDEEP KAUR (MCM - PUNE UNIVERSITY). MARRIED, SISTER 2: GUNDEEP KAUR (MCA - PUNJAB TECHNICAL UNIVERSITY). MARRIED.

* * * * *

ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

● ● ●

ਫੁੱਲਦਾਰ ਦਰੱਖਤ ਅਤੇ ਗੁਣਵਾਨ ਵਿਅਕਤੀ ਹੀ ਝੁਕਦੇ ਨੇ।

ਜਨਵਰੀ ਮਹੀਨੇ ਦਾਨੀ ਸੱਜਣਾਂ ਵੱਲੋਂ ਦਿੱਤੇ ਦਾਨ ਦੀ ਸੂਚੀ

ਲੜੀ ਨੰ:	ਨਾਮ ਤੇ ਪਤਾ	ਰਸੀਦ ਨੰ.	ਰਾਸ਼ੀ ਰੁਪਏ	ਮਿਤੀ
1.	ਸ. ਅਮਰਜੀਤ ਸਿੰਘ ਮੁਲਤਾਨੀ ਮ. ਨੰ: 42, ਸੈਕਟਰ-16ਏ, ਚੰਡੀਗੜ੍ਹ।	745	500/-	10.01.2026
2.	ਕਰਨਲ ਗੁਰਦੀਪ ਸਿੰਘ, ਵੀ.ਪੀ. (ਹੈ.ਕੁ.) ਮ. ਨੰ: 62, ਸੈਕਟਰ-71, ਮੋਹਾਲੀ। (ਆੱਨਲਾਈਨ ਪ੍ਰਾਪਤ ਕੀਤੇ।)	746	300/-	11.01.2026
3.	ਕਰਨਲ ਗੁਰਦੀਪ ਸਿੰਘ, ਵੀ.ਪੀ. (ਹੈ.ਕੁ.) ਮ. ਨੰ: 62, ਸੈਕਟਰ-71, ਮੋਹਾਲੀ। (ਆੱਨਲਾਈਨ ਪ੍ਰਾਪਤ ਕੀਤੇ।)	747	1100/-	11.01.2026
	(ਆਪਣੇ ਮਾਤਾ-ਪਿਤਾ ਜੀ ਦੀ ਯਾਦ ਅਤੇ ਆਤਮਿਕ ਸ਼ਾਂਤੀ ਲਈ ਭਵਨ ਨੂੰ ਭੇਂਟ ਕੀਤੇ।)			
4.	ਸ. ਰਵਿੰਦਰ ਸਿੰਘ, ਸਕੱਤਰ ਮ. ਨੰ: 2092, ਸੈਕਟਰ-45ਸੀ, ਚੰਡੀਗੜ੍ਹ।	748	200/-	14.01.2026
5.	ਸ਼੍ਰੀਮਤੀ ਊਸ਼ਾ ਪਾਠਕ ਮ. ਨੰ: 3020, ਸੈਕਟਰ-16ਡੀ, ਚੰਡੀਗੜ੍ਹ।	749	100/-	14.01.2026
6.	ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.) ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ.ਨੰ. 3405, ਸੈਕਟਰ-40ਡੀ, ਚੰਡੀਗੜ੍ਹ।	750	200/-	14.01.2026
7.	ਸ਼੍ਰੀਮਤੀ ਨਰਿੰਦਰ ਕੌਰ ਮ. ਨੰ: 326/2, ਸੈਕਟਰ-38ਏ, ਚੰਡੀਗੜ੍ਹ।	751	200/-	14.01.2026
8.	ਪੰਡਿਤ ਰਾਮ ਕੁਮਾਰ ਬ.ਮ.ਸ.ਲ. ਭਵਨ, ਸੈਕਟਰ-30ਏ, ਚੰਡੀਗੜ੍ਹ।	752	500/-	14.01.2026
9.	ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਮ. ਨੰ. 187, ਹਰਦਿਆਲ ਨਗਰ, ਗੜ੍ਹਾ ਰੋਡ, ਜਲੰਧਰ।	753	500/-	14.01.2026
10.	ਸ. ਸਿਕੰਦਰ ਸਿੰਘ, ਸਬ-ਇੰਸਪੈਕਟਰ ਮ. ਨੰ. 1133, ਸੈਕਟਰ-20,ਚੰਡੀਗੜ੍ਹ।	754	500/-	19.01.2026
11.	ਇੰਜ. ਬਲਜੀਤ ਸਿੰਘ ਭਗਤਾਨਾ ਮ. ਨੰ:176, ਗੋਲਡਨ ਐਵਨਿਯੂ, ਫ਼ੇਸ-1, ਜਲੰਧਰ।	729	400/-	15.12.2025

12.	ਸ. ਰਵਿੰਦਰ ਸਿੰਘ, ਸਕੱਤਰ ਮ. ਨੰ: 2092, ਸੈਕਟਰ-45, ਚੰਡੀਗੜ੍ਹ।	732	200/-	15.12.2025

ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।

ਬੁਢੇਪੇ 'ਚ ਬਚਪਨਾ

ਸਤਨਾਮ ਸਿੰਘ

ਬਾਪੂ ਬੁੱਢਾ ਹੋ ਰਿਹਾ ਸੀ। ਜਵਾਨੀ ਵਾਲੀ ਭਲ਼ ਢਲ਼ ਰਹੀ ਸੀ। ਬਾਪੂ ਸਮਝਣ ਲੱਗ ਪਿਆ ਸੀ ਬੱਚੇ ਵਿਆਹ ਲਏ ਹਨ ਤੇ ਉਹ ਹੁਣ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਹੋ ਗਿਆ ਹੈ। ਚਿੱਟੇ ਧੋਤੇ ਕੱਪੜੇ ਪਾ ਕੇ ਦੁਪਹਿਰ ਨੂੰ ਘੜੀ ਸੱਥ 'ਚ ਗੱਪਾਂ ਮਾਰਿਆ ਕਰਾਂਗੇ। ਹੁਣ ਉਸ ਨੂੰ ਪੋਤਰੇ ਪੋਤਰੀਆਂ ਦਾ ਮੋਹ ਜਾਗ ਪਿਆ ਸੀ। ਉਹ ਸੋਚਦਾ ਰੱਬ ਨੇ ਬੜਾ ਸੁਹਣਾ ਪਰਿਵਾਰ ਬਣਾ ਦਿੱਤਾ ਆ। ਮੇਰਾ ਮਿਸਾ ਪਰਿਵਾਰ ਆ। ਉਹ ਸਮਝਣ ਲੱਗ ਗਿਆ, ਪ੍ਰਮਾਤਮਾ ਨੇ ਉਹਦੀਆਂ ਸਾਰੀਆਂ ਇਛਾਵਾਂ ਨੂੰ ਬੂਰ ਪਾ ਦਿੱਤਾ ਆ।

ਅੱਖਾਂ ਅੱਗੇ ਪੋਤਰੇ ਪੋਤਰੀਆਂ ਜੁਆਨ ਹੁੰਦੇ ਵੇਖ ਕੇ ਬਾਪੂ ਰੱਬ ਦੀ ਮਿਹਰ ਸਮਝ ਕੇ ਫੁੱਲਿਆ ਨਹੀਂ ਸੀ ਸਮਾਉਂਦਾ। ਜੁਆਨ ਪੋਤਰੇ ਪੋਤਰੀਆਂ ਦੇਖ ਵਿਆਹ ਲਈ ਚੰਗੇ ਰਿਸ਼ਤਿਆਂ ਲਈ ਸੋਚਣ ਲੱਗ ਪਿਆ।

ਅਸਲ ਹੁਣ ਪੁੱਤਰਾਂ ਨੂੰਹਾਂ ਦੇ ਰਾਜ ਦਾ ਸਮਾਂ ਚੱਲ ਰਿਹਾ ਸੀ। ਉਹ ਆਪਣੀਆਂ ਲੋੜਾਂ ਅਤੇ ਮਜਬੂਰੀਆਂ ਅਨੁਸਾਰ ਘਰ-ਬਾਰ ਚਲਾ ਰਹੇ ਸਨ। ਦਿਨੋ ਦਿਨ ਬਾਪੂ ਵੱਲੋਂ ਤਵਜੋਂ ਘੱਟ ਰਹੀ ਸੀ। ਉਹ ਬਾਪੂ ਦੀਆਂ ਕਈ ਗੱਲਾਂ ਦੀ ਅਣਸੁਣੀ ਵੀ ਕਰ ਦਿੰਦੇ। ਕਈ ਵਾਰ ਬਾਪੂ ਦੀਆਂ ਲੋੜਾਂ ਤੇ ਖਾਹਸ਼ਾਂ ਨੂੰ ਵੀ ਦਰਕਿਨਾਰ ਕਰਨ ਲੱਗ ਪਏ। ਕਿਉਂਕਿ ਪੁੱਤਰਾਂ ਨੂੰ ਆਪਣੀਆਂ ਘਰੇਲੂ ਸਮੱਸਿਆਵਾਂ, ਆਰਥਿਕ ਮਜਬੂਰੀਆਂ, ਸਮਾਜਿਕ ਬੰਧਨ ਤੇ ਰਿਸ਼ਤੇਦਾਰੀਆਂ ਨੱਕ ਦੀ ਸੇਧ ਤੋਰਨ ਲੱਗ ਪਏ ਸਨ।

ਹੁਣ ਬਾਪੂ ਨੂੰ ਇਸ ਤਰ੍ਹਾਂ ਉਹਦੀਆਂ ਦਰਕਿਨਾਰੀਆਂ, ਸੁਣੇ ਅਣਸੁਣੀਆਂ ਗੱਲਾਂ ਮੰਜੇ ਤੇ ਬੈਠੇ ਨੂੰ ਰੜਕਣ ਲੱਗ ਪਏ ਸਨ। ਬਾਪੂ ਹੁਣ ਪੁੱਤਾਂ ਅਤੇ ਨੂੰਹਾਂ ਨਾਲ ਇਸ ਵਤੀਰੇ ਕਾਰਨ ਰੁੱਸਣ ਲੱਗ ਪਿਆ ਸੀ। ਸਾਰੇ ਪਰਿਵਾਰ ਦੇ ਜੀਅ ਵੀ ਅਕਸਰ ਕਹਿ ਦਿੰਦੇ ਸਨ ਹੁਣ ਬਾਪੂ ਤਾਂ ਨਿਆਣਿਆਂ ਵਾਂਗ ਰੁੱਸਣ ਲੱਗ ਪਿਆ ਆ।

ਅਸਲ ਹਰ ਬਸ਼ਰ ਬਚਪਨ 'ਚੋਂ ਲੰਘ ਕੇ ਬੁਢੇਪੇ ਤੱਕ ਦਾ ਸਫ਼ਰ ਤੈਅ ਕਰਦਾ ਹੈ। ਉਸ ਨੇ ਬਚਪਨ 'ਚ ਹਰ ਬੱਚੇ ਵਾਂਗ ਚੀਜ਼ ਪ੍ਰਾਪਤ ਕਰਨ ਲਈ ਨਾ ਮਿਲਣ ਤੇ ਰੁੱਸਣਾ ਸਿਖਿਆ ਹੁੰਦਾ ਹੈ। ਬਚਪਨ 'ਚ ਅੜ ਕੇ ਚੀਜ਼ ਪ੍ਰਾਪਤ ਕਰਦੇ ਮੰਗ ਪੂਰੀ ਕਰਦੇ ਸਨ। ਉਹ ਜਿੱਦ ਕਿਸੇ ਹੱਦ ਤੱਕ ਸਵਾਲ ਬਣ ਜਾਂਦੀ ਹੈ। ਜਿਹਨ 'ਚ ਸਮਾਈ ਹੁੰਦੀ ਦਰਕਿਨਾਰੀ 'ਚ ਹੁਣ ਬਾਪੂ ਕੋਲ ਵੀ ਇਹੀ ਰਾਸਤਾ ਬਚਦਾ ਹੈ। ਉਹ ਆਪਣੀ ਗੱਲ ਲਈ ਅੜੀ ਕਰਦਾ ਹੈ। ਇਸੇ ਗੱਲ ਲਈ ਇਹ ਕਿਹਾ ਜਾਂਦਾ ਹੈ ਕਿ ਬਾਪੂ ਨਿਆਣਿਆਂ ਵਾਂਗ ਕਰਨ ਲੱਗ ਪਿਆ ਹੈ। ਅਸਲ ਉਸ ਦੀ ਅਣਦੇਖੀ 'ਚੋਂ ਇਹ ਰਾਸਤਾ ਨਿਕਲਦਾ ਹੈ। ਦੋਹਾਂ ਧਿਰਾਂ ਦੀਆਂ ਮਜ਼ਬੂਰੀਆਂ 'ਚੋਂ ਉਪਜੀ ਸਮੱਸਿਆ ਹੈ।

ਨਿੱਤ ਬਦਲਦੇ ਸਮਾਜ 'ਚ ਖਾਹਸ਼ਾਂ ਦਾ ਵਤੀਰਾ ਹੈ।

Lobana Bhawan

Baba Makhan Shah Lobana Foundation (Regd.),
Sector 30-A, Chandigarh

Facilities Available for All Types of Functions at reasonable rates

Double Bed A.C Rooms	*Dormitory A.C Rooms Four Single Bed*
Main Hall, A.C Capacity 400 Persons	*Mini Hall, A.C Capacity 150-200 Persons*
Main Auditorium, A.C Capacity 450 Persons	*Mini Auditorium, A.C Capacity 150 Persons*
Basement Hall 350-400 Persons	*Conference Hall, A.C Capacity 25 Persons*

24x7 Catering Service Available

For Booking Contact :-
98768-11137, 73470-65188



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖੂਬਸੂਰਤ ਦ੍ਰਿਸ਼



ਅਸਟੇਟ ਆਫ਼ਿਸ ਵੱਲੋਂ ਲੁਬਾਣਾ ਭਵਨ ਚੰਡੀਗੜ੍ਹ ਦੇ ਦੂਸਰੇ ਗੇਟ ਦੀ ਮਨਜ਼ੂਰੀ ਮਿਲਣ ਉਪਰੰਤ ਇਸ ਨੂੰ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਅਤੇ ਸਮੁੱਚੀ ਮੈਨੇਜਮੈਂਟ ਦੀ ਹਾਜ਼ਰੀ ਵਿਚ ਸੰਗਤਾਂ ਦੀ ਸਹੂਲਤ ਲਈ ਦੁਬਾਰਾ ਖੋਲ੍ਹ ਦਿੱਤਾ ਗਿਆ ਹੈ।

Postal No. - Jallandhar Vide No. L-4/PB/JL-0196/2024-2026

ਸਿੱਖ ਪੰਥ ਦੀ ਸਿਰਮੌਰ ਸਖ਼ਸ਼ੀਅਤ ਬਾਬਾ ਮੱਖਣ ਸ਼ਾਹ ਲੁਬਾਣਾ



ਮਹਾਨ ਸਿੱਖ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਉਕਤ ਚਿੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੇ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਜੀ ਵੱਲੋਂ ਸਾਲ 1995 ਵਿਚ ਆਪਣੀਆਂ ਦੋ ਸਾਲ ਦੀਆਂ ਭਰਪੂਰ ਕੋਸ਼ਿਸ਼ਾਂ ਸਦਕਾ ਬਰਾਦਰੀ ਅਤੇ ਸਿੱਖ ਪੰਥ ਲਈ ਬਣਵਾਇਆ ਗਿਆ ਹੈ। ਇਹ ਚਿੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਵੱਲੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬਕਾਲਾ ਵਿਖੇ ਪ੍ਰਗਟ ਕਰਨ ਦਾ ਦ੍ਰਿਸ਼ ਪੇਸ਼ ਕਰਦਾ ਹੈ। ਇਸ ਚਿੱਤਰ ਨੂੰ ਵਿਸ਼ਵ ਪੱਧਰ 'ਤੇ ਸਿੱਖ ਪੰਥ ਵੱਲੋਂ ਪ੍ਰਵਾਨ ਕੀਤਾ ਗਿਆ ਅਤੇ ਇਸ ਸਮੇਂ ਇਹ ਚਿੱਤਰ ਵੱਖ-ਵੱਖ ਇਤਿਹਾਸਕ ਗੁਰਦੁਆਰਾ ਸਾਹਿਬ ਵਿਚ ਸੁਸ਼ੋਭਿਤ ਹੈ। ਸਮੂਹ ਪਿੰਡਾਂ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਬੇਨਤੀ ਹੈ ਕਿ ਇਸ ਚਿੱਤਰ ਦੀ ਕਾਪੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਤੋਂ ਮੁਫ਼ਤ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਉਹ ਇਸ ਚਿੱਤਰ ਨੂੰ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬਾਨ ਵਿੱਚ ਢੁੱਕਵੀਂ ਜਗ੍ਹਾ 'ਤੇ ਸੁਸ਼ੋਭਿਤ ਕਰਨ ਤਾਂ ਜੋ ਨਵੀਂ ਪੀੜ੍ਹੀ ਨੂੰ ਬਾਬਾ ਜੀ ਬਾਰੇ ਗਿਆਨ ਮਿਲ ਸਕੇ।